MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 37 SATURDAY, 10 SEPTEMBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਸਸਕੈਚਵਨ 'ਚ ਚਾਕੂ ਮਾਰ ਕੇ ਕਈਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਭਗੌੜੇ ਦੋਸ਼ੀ ਦੀ ਮੌਤ

### ਹਮਲੇ ਵਿਚ 10 ਵਿਅਕਤੀਆਂ ਦੀ ਹੋਈ ਸੀ ਮੌਤ



ਵੈਨਕੂਵਰ-ਕੈਨੇਡਾ ਦਾ ਸਭ ਤੋਂ ਘਾਤਕ ਸਮੂਹਿਕ ਕਤਲੇਆਮ ਵਿਚੋਂ ਇਕ ਦੇ ਸ਼ੱਕੀ ਦੋਸ਼ੀ ਮਾਈਲਸ ਸੈਂਡਰਸਨ ਦੀ ਚਾਰ ਦਿਨਾਂ ਤੋਂ ਕੀਤੀ ਜਾ ਰਹੀ ਭਾਲ ਉਸ ਦੀ ਮੌਤ ਨਾਲ ਖਤਮ ਹੋ ਗਈ। ਬੁੱਧਵਾਰ ਦੁਪਹਿਰ ਬਾਅਦ ਉਸ ਦੇ ਹਮਲੇ ਵਾਲੀ ਥਾਂ ਤੋਂ ਲਗਪਗ 130 ਕਿਲੋਮੀਟਰ ਦੂਰ ਪ੍ਰੇਰੀ ਹਾਈਵੇਅ 'ਤੇ ਤੇਜ਼ ਰਫ਼ਤਾਰ ਨਾਲ ਪਿੱਛਾ ਕੀਤਾ ਗਿਆ ਸੀ। *(ਬਾਕੀ ਸਫ਼ਾ 8 'ਤੇ)*

## ਹੌਰਗਨ ਵਲੋਂ ਮਹਿੰਗਾਈ ਨੂੰ ਰੋਕਣ ਲਈ 600 ਮਿਲੀਅਨ ਟੈਕਸ ਛੋਟਾਂ ਦੇਣ ਦਾ ਐਲਾਨ



ਵਿਕਟੋਰੀਆ-ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ 600 ਮਿਲੀਅਨ ਡਾਲਰ ਦੀ ਯੋਜਨਾ ਦਾ ਐਲਾਨ ਕੀਤਾ ਹੈ ਜਿਸ ਦਾ ਉਦੇਸ਼ ਵੱਧ ਰਹੀ ਮਹਿਗਾਈ ਦੇ ਮੌਜੂਦਾ ਦੌਰ ਦੌਰਾਨ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਨਾ ਹੈ। ਹੌਰਗਨ ਨੇ ਦੱਸਿਆ ਕਿ ਚਾਈਲਡ ਆਪਰਚੂਨਿਟੀ ਫੰਡ ਦਾ ਨਾਂਅ ਬਦਲ ਕੇ ਬੀਸੀ ਫੈਮਿਲੀ ਬੈਨੀਫਿਟ ਰੱਖਿਆ ਜਾਵੇਗਾ ਅਤੇ ਇਹ 82578 ਡਾਲਰ ਤੋਂ ਘੱਟ ਆਮਦਨ ਵਾਲੇ *(ਬਾਕੀ ਸਫ਼ਾ 8 'ਤੇ)*

# ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ ਦਾ 96 ਸਾਲ ਦੀ ਉਮਰ ਵਿਚ ਦੇਹਾਂਤ

## ਪ੍ਰਿੰਸ ਚਾਰਲਸ ਬਣੇ ਨਵੇਂ ਸ਼ਾਹੀ ਹੁਕਮਰਾਨ



ਬਲਮੋਰਲ - ਬ੍ਰਿਟੇਨ ਦੀ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੀ ਮਹਾਰਾਣੀ ਐਲਿਜ਼ਾਬੈਥ ਅਤੇ ਸੱਤ ਦਹਾਕਿਆਂ ਤੱਕ ਦੇਸ਼ ਦੀ ਸ਼ਾਹੀ ਹੁਕਮਰਾਨ ਦਾ , 96 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਹ ਐਲਾਨ ਬਕਿੰਘਮ ਪੈਲੇਸ ਨੇ ਵੀਰਵਾਰ ਨੂੰ ਕੀਤਾ ਗਿਆ। ਐਲਿਜ਼ਾਬੈਥ ਦਾ ਸਭ ਤੋਂ ਵੱਡਾ ਪੁੱਤਰ 73 ਸਾਲ ਪ੍ਰਿੰਸ ਚਾਰਲਸ, ਮਹਾਰਾਣੀ ਦੀ ਮੌਤ ਉਪਰੰਤ ਆਪਣੇ ਆਪ ਹੀ ਯੂ ਕੇ ਦਾ ਨਵਾਂ ਰਾਜਾ ਬਣ ਗਿਆ ਹੈ। ਯੂਕੇ ਦਾ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਉਹ ਅਆਸਟ੍ਰੇਲੀਆ, ਕੈਨੇਡਾ ਅਤੇ ਨਿਊਜ਼ੀਲੈਂਡ ਸਮੇਤ 14 ਹੋਰ ਮੁਲਕਾਂ ਦੇ ਰਾਜ ਦਾ ਮੁਖੀ ਬਣ ਗਿਆ ਹੈ। ਉਸਦੀ ਪਤਨੀ ਕੈਮਿਲਾ ਨਵੀਂ ਰਾਣੀ ਬਣ ਗਈ ਹੈ। ਡਾਕਟਰਾਂ ਵੱਲੋਂ ਮਹਾਰਾਣੀ ਐਲਿਜਾਬੈਥ ਦੀ ਸਿਹਤ ਬਾਰੇ ਚਿੰਤਾ ਜ਼ਾਹਰ ਕਰਨ ਤੋਂ ਬਾਅਦ ਉਸਦਾ ਪਰਿਵਾਰ ਉਸਦੇ ਸਕਾਟਿਸ਼ ਸਥਿਤ ਘਰ, ਬਾਲਮੋਰਲ ਕੈਸਲ ਵਿਖੇ ਉਸਦੇ ਕੋਲ ਪਹੁੰਚ ਗਿਆ ਸੀ। ਮਹਾਰਾਣੀ ਐਲਿਜ਼ਾਬੈਥ 99, ਜੋ ਕਿ ਦੁਨੀਆ ਦੀ ਸਭ ਤੋਂ ਬਜ਼ੁਰਗ ਅਤੇ ਸਭ ਤੋਂ ਲੰਬੀ ਸੇਵਾ ਕਰਨ ਵਾਲੀ ਰਾਜ ਦੀ ਮੁਖੀ ਵੀ ਸੀ, 6 ਫਰਵਰੀ, 1952 ਨੂੰ ਆਪਣੇ ਪਿਤਾ ਕਿੰਗ ਜਾਰਜ ੍9 ਦੀ ਮੌਤ ਤੋਂ ਬਾਅਦ ਗੱਦੀ 'ਤੇ ਬਿਰਜਾਮਾਨ ਹੋਈ ਸੀ , ਜਦੋਂ ਉਹ ਸਿਰਫ 25 ਸਾਲ ਦੀ ਸੀ। ਉਸਨੂੰ ਜੂਨ ਵਿੱਚ ਉਸ ਦਾ ਤਾਜ ਪਹਿਨਾਇਆ ਗਿਆ ਸੀ। ਇਸ ਮੌਕੇ ਉਸਨੇ ਹਲਫ ਲਿਆ ਸੀ ਕਿ ਮੈਂ ਇਮਾਨਦਾਰੀ ਨਾਲ ਆਪਣੇ ਆਪ ਨੂੰ ਜਨਤਾ ਦੀ ਸੇਵਾ ਲਈ ਵਚਨਬੱਧ ਕੀਤਾ ਹੈ, ਜਿਵੇਂ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਮੇਰੇ ਲਈ ਵਚਨਬੱਧ ਹਨ। ਮੇਰੀ ਸਾਰੀ ਜ਼ਿੰਦਗੀ ਅਤੇ ਆਪਣੇ ਪੂਰੇ ਦਿਲ ਨਾਲ ਮੈਂ ਤੁਹਾਡੇ ਭਰੋਸੇ ਦੇ ਯੋਗ ਬਣਨ ਦੀ ਕੋਸ਼ਿਸ਼ ਕਰਾਂਗੀ। ਐਲਿਜ਼ਾਬੈਥ ਉਸ ਸਮੇਂ ਰਾਜ ਦੀ ਮੁਖੀ ਬਣੀ ਸੀ ਜਦੋਂ ਬ੍ਰਿਟੇਨ ਨੇ ਅਜੇ ਵੀ ਆਪਣੇ ਪੁਰਾਣੇ ਸਾਮਰਾਜ ਦਾ ਬਹੁਤ ਹਿੱਸਾ ਬਰਕਰਾਰ ਰੱਖਿਆ ਹੋਇਆ ਸੀ।ਮੁਲਕ ਦੂਜੇ ਵਿਸ਼ਵ ਯੁੱਧ ਦੀ ਤਬਾਹੀ ਤੋਂ ਉਭਰ ਰਿਹਾ ਸੀ। ਭੋਜਨ ਰਾਸ਼ਨਿੰਗ ਅਜੇ ਵੀ ਲਾਗੂ ਹੈ ਅਤੇ ਸਮਾਜ ਵਿੱਚ ਅਜੇ ਵੀ ਵਰਗ ਵੰਡ ਅਤੇ ਵਿਸ਼ੇਸ਼ ਅਧਿਕਾਰ ਹਾਵੀ ਹਨ। ਵਿੰਸਟਨ ਚਰਚਿਲ ਉਸ ਸਮੇਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸਨ ਜਦੋਂਕਿ ਦੂਸਰੇ ਵੱਡੇ ਮੁਲਕ ਸੋਵੀਅਤ ਯੂਨੀਅਨ ਦੇ ਜੋਸੇਫ ਸਟਾਲਿਨ ਆਗੂ ਸਨ ਤੇ ਕੋਰੀਆਈ ਯੁੱਧ ਚਲ ਰਿਹਾ ਸੀ। ਉਸ ਤੋਂ ਬਾਅਦ ਦੇ ਦਹਾਕਿਆਂ ਵਿੱਚ, ਐਲਿਜ਼ਾਬੈਥ ਨੇ ਦੇਸ਼ ਅਤੇ ਵਿਦੇਸ਼ ਵਿੱਚ ਵੱਡੇ ਪੱਧਰ 'ਤੇ ਸਿਆਸੀ ਬਦਲਾਅ ਅਤੇ ਸਮਾਜਿਕ ਉਥਲ-ਪੁਥਲ ਦੇਖੀ। ਉਸਦੇ ਆਪਣੇ ਪਰਿਵਾਰ ਦੀਆਂ ਮੁਸੀਬਤਾਂ, ਖਾਸ ਤੌਰ 'ਤੇ ਚਾਰਲਸ ਅਤੇ ਉਸਦੀ ਮਰਹੂਮ ਪਹਿਲੀ ਪਤਨੀ ਡਾਇਨਾ ਦਾ ਤਲਾਕ ਤੇ ਦੁਰਘਟਨਾ ਵਿਚ ਮੌਤ ਬਾਰੇ ਕਈ ਕਹਾਣੀਆਂ ਪੂਰੀ ਤਰ੍ਹਾਂ ਜਨਤਕ ਤੌਰ 'ਤੇ ਸਾਹਮਣੇ ਆਈਆਂ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੁਾਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 37 SATURDAY, 10 SEPTEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਛ ਖਬਰਾਂ ਕੁੱਛ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸੁਪਰੀਮ ਕੋਰਟ ਦੀਆਂ ਟਿਪਣੀਆਂ ਪਿੱਛੋਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਾਮਲਾ ਮੁੜ ਗਰਮਾਇਆ

## ਕੇਜਰੀਵਾਲ ਨੇ ਮਸਲੇ ਦੇ ਹੱਲ ਲਈ ਮੋਦੀ ਸਰਕਾਰ ਨੂੰ ਘੇਰਿਆ

ਚੰਡੀਗੜ੍ਹ-ਸੁਪਰੀਮ ਕੋਰਟ ਵੱਲੋਂ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਮਾਮਲੇ 'ਚ ਲੰਘੇ ਦਿਨ ਕੀਤੀਆਂ ਟਿੱਪਣੀਆਂ ਤੋਂ ਬਾਅਦ ਪੰਜਾਬ ਤੇ ਹਰਿਆਣਾ ਵਿੱਚ ਸਿਆਸੀ ਮਾਹੌਲ ਗਰਮਾ ਗਿਆ ਹੈ। ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਐੱਸਵਾਈਐੱਲ ਵਿਵਾਦ ਦਾ ਹੱਲ ਕੱਢਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅੱਗੇ ਹੋ ਕੇ ਮਸਲੇ ਨੂੰ ਸੁਲਝਾਏ। ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਸ ਮਸਲੇ ਦਾ ਕੋਈ ਠੋਸ ਹੱਲ ਨਹੀਂ ਤਾਂ ਉਨ੍ਹਾਂ ਤੋਂ ਪੁੱਛ ਲੈਣ। ਕੇਜਰੀਵਾਲ ਹਿਸਾਰ ਵਿੱਚ 'ਮੇਰਾ ਇੰਡੀਆ ਨੰਬਰ-1' ਮੁਹਿੰਮ ਦੀ ਸ਼ੁਰੂਆਤ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਪੰਜਾਬ ਦੇ ਉਨ੍ਹਾਂ ਦੇ ਹਮਰੁਤਬਾ ਭਗਵੰਤ ਮਾਨ ਵੀ ਮੌਜੂਦ ਸਨ। ਮਾਨ ਨੇ ਕਿਹਾ ਕਿ ਉਹ ਮਸਲੇ ਦੇ ਹੱਲ ਲਈ ਹਰਿਆਣਾ ਦੇ ਆਪਣੇ ਹਮਰੁਤਬਾ ਨਾਲ ਗੱਲਬਾਤ ਲਈ ਤਿਆਰ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ ਤੇ ਭਾਜਪਾ ਐੱਸਵਾਈਐੱਲ ਮਾਮਲੇ 'ਤੇ ਪੰਜਾਬ ਤੇ ਹਰਿਆਣਾ ਵਿੱਚ ਗੰਦੀ ਰਾਜਨੀਤੀ ਕਰ ਰਹੀਆਂ ਹਨ। ਇਸ ਮੁੱਦੇ 'ਤੇ ਦੋਵਾਂ ਪਾਰਟੀਆਂ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਰਾਜਾਂ ਵਿੱਚ ਪਾਣੀ ਦੀ ਘਾਟ ਹੈ, ਪਾਣੀ ਦਾ ਪੱਧਰ ਹੇਠਾਂ ਡਿੱਗ ਰਿਹਾ ਹੈ। ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਦੋਵਾਂ ਰਾਜਾਂ ਵਿੱਚ ਪਾਣੀ ਦਾ ਪ੍ਰਬੰਧ ਕਰੇ। 'ਆਪ' ਸੁਪਰੀਮੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਨੂੰ ਐੱਸਵਾਈਐੱਲ ਮੁੱਦੇ 'ਤੇ ਹੱਲ ਕੱਢਣਾ ਚਾਹੀਦਾ ਹੈ। ਉਧਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਦੀਆਂ ਹਦਾਇਤਾਂ 'ਤੇ ਹਰਿਆਣਾ ਦੇ



*(ਬਾਕੀ ਸਫ਼ਾ 10 'ਤੇ)*

## ਭਗਵੰਤ ਮਾਨ ਕੇਜਰੀਵਾਲ ਰਾਹੀਂ ਪੰਜਾਬ ਨੂੰ ਵੇਚਣ ਲਈ ਤਿਆਰ-ਸੁਖਬੀਰ ਬਾਦਲ

ਚੰਡੀਗੜ੍ਹ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਰਾਹੀਂ ਹਰਿਆਣਾ ਨੂੰ ਪਾਣੀ ਦੇਣ ਦੀ ਵਕਾਲਤ ਕਰਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਨ੍ਹਾਂ ਦੇ ਬਿਆਨ ਦੀ ਤਾਈਦ ਕਰਨ ਦੀ ਨਿਖੇਧੀ ਕੀਤੀ ਹੈ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਕਿਵੇਂ ਕੇਜਰੀਵਾਲ ਹਰਿਆਣਾ ਵਿੱਚ ਚੋਣ ਹਿੱਤਾਂ ਖ਼ਾਤਰ ਪੰਜਾਬ ਦੇ ਹਿੱਤ ਵੇਚਣ ਵਾਸਤੇ ਤਿਆਰ ਹਨ ਤੇ ਭਗਵੰਤ ਮਾਨ ਆਪਣੀ ਕੁਰਸੀ ਬਚਾਉਣ ਲਈ ਪੰਜਾਬ ਦੇ ਹਿੱਤ ਕੁਰਬਾਨ ਕਰਨ ਵਾਸਤੇ ਤਿਆਰ ਹਨ। ਸੁਖਬੀਰ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਮਾਣ ਸਨਮਾਨ ਘਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਸ੍ਰੀ ਮਾਨ ਨੇ ਸ੍ਰੀ ਕੇਜਰੀਵਾਲ ਦੇ ਬਿਆਨ ਦੀ ਤਾਈਦ



*(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca










# ਜੀ.ਐਨ.ਐਸ.ਜੀ. ਸਿੱਖ ਯੂਥ ਸਰੀ ਵੱਲੋਂ ਕਰਵਾਇਆ ਕਬੱਡੀ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ

ਸਰੀ-ਜੀ. ਐਨ. ਐਸ. ਜੀ. ਸਿੱਖ ਯੂਥ ਸਰੀ ਵੱਲੋਂ ਸਰੀ ਦੀ ਕਬੱਡੀ ਪਾਰਕ ਵਿਚ ਕਰਵਾਇਆ ਗਿਆ ਕਬੱਡੀ ਟੂਰਨਾਮੈਂਟ 2022 ਯਾਦਗਾਰੀ ਹੋ ਨਿਬੜਿਆ। ਸਿੱਖ ਯੂਥ ਸਪੋਰਟਸ ਕਮੇਟੀ ਦੇ ਰਘਬੀਰ ਸਿੰਘ ਨਿੱਝਰ, ਰਣਬੀਰ ਸਿੰਘ ਨਿੱਝਰ, ਹਰਨੇਕ ਸਿੰਘ ਔਜਲਾ, ਊਧਮ ਸਿੰਘ ਹੁੰਦਲ ਅਤੇ ਸਮੂਹ ਕਮੇਟੀ ਮੈਂਬਰਾਂ ਦੇ ਯਤਨਾਂ ਸਦਕਾ ਇਹ ਟੂਰਨਾਮੈਂਟ ਬੇਹੱਦ ਸਫ਼ਲ ਰਿਹਾ। ਇਸ ਟੂਰਨਾਮੈਂਟ ਵਿਚ ਮਾਨਯੋਗ ਮੇਅਰ ਡੱਗ ਮੈਕਲਮ ਨੇ ਵੀ ਸ਼ਿਰਕਤ ਕੀਤੀ। ਕਾਊਂਸਲਰ ਮਨਦੀਪ ਨਾਗਰਾ, ਸੇਫ ਸਰੀ ਕੋਲੀਸ਼ਨ ਟੀਮ, ਸਿਟੀ ਆਫ ਸਰੀ ਪਾਰਕਸ ਅਤੇ ਬਾਈਲਾਅ ਡਿਪਾਰਟਮੈਂਟ ਵੱਲੋਂ ਦਿੱਤੇ ਗਏ ਸਹਿਯੋਗ ਸਦਕਾ ਇਸ ਟੂਰਨਾਮੈਂਟ ਦਾ ਲਗਭਗ 15000 ਤੋਂ ਵੱਧ ਹੋਏ ਰਿਕਾਰਡ ਇਕੱਠ ਨੇ ਆਨੰਦ ਮਾਣਿਆ। ਵਿਸ਼ਾਲ ਇਕੱਠ ਨੇ ਇੱਕ ਸ਼ਾਨਦਾਰ ਕਬੱਡੀ ਟੂਰਨਾਮੈਂਟ, ਕੁਸ਼ਤੀ, ਵੇਟਲਿਫਟਿੰਗ, ਵਾਲੀਬਾਲ ਅਤੇ ਪਰਿਵਾਰਕ ਖੇਡ ਦਿਵਸ ਨਾਲ ਪੂਰਾ ਪੂਰਾ ਮਨੋਰੰਜਨ ਕੀਤਾ। ਜੀ. ਐਨ. ਐਸ. ਜੀ. ਸਰੀ ਗੁਰਦੁਆਰੇ ਵੱਲੋਂ ਲੰਗਰ, ਪਕੌੜੇ, ਚਾਹ ਅਤੇ ਪਾਣੀ ਦੀ ਸੇਵਾ ਬਾਖੂਬੀ ਨਿਭਾਈ ਗਈ। ਟੂਰਨਾਮੈਂਟ ਵਿਚ ਕੈਲਗਰੀ ਫਰੈਂਡਜ਼/ਭਗਤ ਸਿੰਘ ਐਬਟਸਫੋਰਡ ਕਬੱਡੀ ਕਲੱਬ ਕਬੱਡੀ ਚੈਂਪੀਅਨਜ਼ ਰਿਹਾ ਅਤੇ ਰਿਚਮੰਡ/ਐਬਟਸਫੋਰਡ ਕਬੱਡੀ ਕਲੱਬ ਦੂਜੇ ਸਥਾਨ 'ਤੇ ਰਿਹਾ। ਬੈਸਟ ਰੇਡਰ ਸ਼ੰਕਰ ਸੰਦਵਾਨ ਅਤੇ ਬੈਸਟ ਜਾਫੀ ਸ਼ਿਲੂ ਅਖਬਰਪੁਰ ਹਰਿਆਣਾ ਨੂੰ ਮਿਲਿਆ।









Get your Mortgage approved from the

CANADA'S TOP #26 MORTGAGE BROKER

2022 TOP 75 BROKERS CANADIAN MORTGAGE PROFESSIONAL MAGAZINE CMP

• Purchase • Renewal • Refinance
• Construction & Farm Mortgages

4.18%* 5 Years Variable Closed *Conditions Apply.

GET CASH BACK UPTO $3,000*





RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative

SHARNJIT GILL, AMP
604 507 1000
SURREY
Unit 244 8138 128 St
www.quickapproval.ca

*Some conditions apply. Valid till 31 August, 2022

JJB INSURANCE

Sarban Singh Sidhu
604-507-6866 #1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT

Life • Critical • Disability • RRSP • RESP
• Visitor • Super Visa

Ask for Special Rate for Super Visa Insurance
Money Back upon Visa Declined

• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available

# ਸਰੀ ਮੇਅਰ ਦੀ ਦੌੜ 'ਚ ਆਰ.ਸੀ.ਐਮ.ਪੀ. ਪੱਖੀ ਗਰੁੱਪ ਵਲੋਂ ਬਰੈਂਡਾ ਲੌਕ ਦੀ ਹਮਾਇਤ

ਸਰੀ-ਸਰੀ ਆਰਸੀਐਮਪੀ ਨੂੰ ਮਿਉਂਸਪਲ ਪੁਲਿਸ ਫੋਰਸ ਵਿਚ ਤਬਦੀਲ ਕਰਨ ਦਾ ਵਿਰੋਧ ਕਰ ਰਿਹਾ ਗਰੁੱਪ ਵਿਵਾਦਪੂਰਣ ਮੁੱਦੇ ਨੂੰ ਚੋਣਾਂ ਵਿਚ ਲੈ ਕੇ ਜਾ ਰਿਹਾ ਹੈ। ਇਕ ਗੈਰ ਸਿਆਸੀ ਸੰਗਠਨ ਕੀਪ ਦਾ ਆਰਸੀਐਮਪੀ ਇਨ ਸਰੀ ਦੇ ਆਰਗਨਾਈਜ਼ਰ ਇਵਾਨ ਸਕੌਟ ਨੇ ਕਿਹਾ ਕਿ ਹੁਣ ਜਦੋਂ ਮਿਉਂਸਪਲ ਚੋਣਾਂ ਆ ਰਹੀਆਂ ਹਨ ਤਾਂ ਸੰਗਠਨ ਨੇ ਮੇਅਰ ਅਹੁਦੇ ਲਈ ਉਮੀਦਵਾਰ ਬਰੈਂਡਾ ਲੌਕੇ ਦੀ ਹਮਾਇਤ ਕੀਤੀ ਹੈ ਜਿਸ ਨੇ ਮਾਉਂਟੀਜ਼ ਨੂੰ ਸਰੀ ਦੀ ਪੁਲਿਸ ਫੋਰਸ ਵਜੋਂ ਬਹਾਲ ਕਰਨ ਦਾ ਵਾਅਦਾ ਕੀਤਾ ਹੈ। ਸਕੌਟ ਨੇ ਕਿਹਾ ਕਿ ਬਰੈਂਡਾ ਨੇ ਸ਼ੁਰੂ ਤੋਂ ਹੀ ਆਰਸੀਐਮਪੀ ਨੂੰ ਇਥੇ ਰੱਖਣ ਲਈ ਸਾਡਾ ਸਮਰਥਨ ਕੀਤਾ ਹੈ। ਗਰੁੱਪ ਜਿਸ ਦੇ ਅਨੁਮਾਨਤ ਇਕ ਲੱਖ ਹਮਾਇਤੀ ਹਨ ਨੂੰ ਦੂਸਰੀਆਂ ਪਾਰਟੀਆਂ ਨੇ ਵੀ ਭਰਮਾਇਆ ਹੈ ਪਰ ਲੌਕੇ ਅਤੇ ਉਸ ਦੀ ਨਿਊ ਸਰੀ ਕੁਨੈਕਟ ਪਾਰਟੀ ਉਨ੍ਹਾਂ ਦੀ ਸਪਸ਼ਟ ਚੋਣ ਹੈ ਜਿਹੜੀ ਕੌਂਸਲ ਲਈ 7 ਉਮੀਦਵਾਰਾਂ ਦੀ ਇਕ ਮੁਕੰਮਲ ਸਲੇਟ ਚਲਾਉਣ ਦੀ ਯੋਜਨਾ ਬਣਾ ਰਹੀ ਹੈ। ਸਰੀ ਵਿਚ ਕੇਵਲ ਉਹ ਹੀ ਇਕ ਉਮੀਦਵਾਰ ਹੈ ਜਿਸ ਦੇ ਵੱਡੇ ਪਲੇਟਫਾਰਮਾਂ ਵਿਚੋਂ ਇਕ ਕਹਿੰਦਾ ਹੈ ਕਿ ਜੇਕਰ ਉਹ ਚੁਣੀ ਗਈ ਤਾਂ ਉਹ ਸਰੀ ਆਰਸੀਐਮਪੀ ਦਾ ਕੰਮਕਾਜ ਸਰੀ ਪੁਲਿਸ ਸਰਵਿਸ ਹਵਾਲੇ ਕਰਨ ਨੂੰ ਤੁਰੰਤ ਰੋਕ ਦੇਵੇਗੀ ਅਤੇ ਇਹ ਉਹੀ ਗੱਲ ਹੈ ਜਿਸ ਦਾ ਅਸੀਂ ਪਹਿਲੇ ਦਿਨ ਤੋਂ ਪ੍ਰਚਾਰ ਕਰ ਰਹੇ ਹਾਂ। ਲੌਕੇ ਨੇ ਕਿਹਾ ਕਿ ਗਰੁੱਪ ਲੱਖਾਂ ਸਰੀ ਵਾਸੀਆਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜੀ 2018 ਵਿਚ ਮੇਅਰ ਡੱਗ ਮੈਕਲਮ ਦੀ ਸੇਫ ਸਰੀ ਕੁਲੀਸ਼ਨ ਨਾਲ ਕੌਂਸਲਰ ਵਜੋਂ ਚੁਣੀ ਗਈ ਸੀ ਪਰ ਉਸ ਨੇ ਪਾਰਟੀ ਛੱਡ ਦਿੱਤੀ ਸੀ। ਮਿਉਂਸਪਲ ਪੁਲਿਸ ਸਰਵਿਸ ਲਈ ਤਬਦੀਲੀ 2018 ਦੀਆਂ



ਚੋਣਾਂ ਵਿਚ ਮੈਕਲਮ ਦਾ ਮੁੱਖ ਚੋਣ ਵਾਅਦਾ ਸੀ ਪਰ ਇਹ ਕੌਂਸਲ ਤੇ ਕਮਿਊਨਿਟੀ ਨੂੰ ਵੰਡਣ ਵਾਲਾ ਮੁੱਦਾ ਬਣ ਗਿਆ। ਦੋਵਾਂ ਸਕੌਟ ਤੇ ਲੌਕੇ ਦਾ ਕਹਿਣਾ ਕਿ ਤਬਦੀਲੀ ਦਾ ਕੋਈ ਸਮਝੌਤਾ ਨਹੀਂ ਸੀ ਹੋਇਆ ਜਦਕਿ ਨਵੀਂ ਫੋਰਸ ਨੇ ਇਸ ਜੁਲਾਈ ਵਿਚ ਆਪਣੀ ਦੂਸਰੀ ਵਰ੍ਹੇਗੰਢ ਮਨਾਈ ਹੈ ਅਤੇ ਚੋਣਾਂ ਵਾਲੇ ਦਿਨ ਇਸ ਦੇ ਅਫਸਰਾਂ ਦੀ ਗਿਣਤੀ 275 ਤੋਂ ਵੀ ਜ਼ਿਆਦਾ ਹੋਣ ਦੀ ਆਸ ਹੈ। ਸਰੀ ਪੁਲਿਸ ਸਰਵਿਸ ਦੇ ਬੁਲਾਰੇ ਇਆਨ ਮੈਕਡੋਨਾਲਡ ਨੇ ਕਿਹਾ ਕਿ ਸਰੀ ਪੁਲਿਸ ਸਰਵਿਸ ਉਹੀ ਕੰਮ ਕਰ ਰਹੀ ਹੈ ਜੋ ਸਾਨੂੰ ਸੌਂਪਿਆ ਗਿਆ ਹੈ।

## ਬਰੈਂਡਾ ਲੌਕੇ ਨੇ ਸਲੇਟ ਪੂਰੀ ਕਰਨ ਲਈ ਤਿੰਨ ਉਮੀਦਵਾਰ ਸ਼ਾਮਿਲ ਕੀਤੇ

ਸਰੀ-ਸਰੀ ਦੀ ਮੇਅਰ ਅਹੁਦੇ ਦੀ ਉਮੀਦਵਾਰ ਬਰੈਂਡਾ ਲੌਕੇ ਨੇ ਆਪਣੀ ਸਰੀ ਕੁਨੈਕਟ ਸਲੇਟ ਵਿਚ ਤਿੰਨ ਹੋਰ ਉਮੀਦਵਾਰ ਸ਼ਾਮਿਲ ਕਰਨ ਦਾ ਐਲਾਨ ਕੀਤਾ ਹੈ। ਇਹ ਉਮੀਦਵਾਰ ਹਨ ਵਿਲ ਕਵੋਕ, ਗੋਰਡਨ ਹੇਪਨਰ ਅਤੇ ਰੋਬਿਨ ਸਟੱਟ। ਇਸ ਤੋਂ ਪਹਿਲਾਂ ਉਸ ਦੀ ਸਲੇਟ ਵਲੋਂ ਰਮੋਨਾ ਕੈਪਟੀਨ, ਸੇਬੇਸਟਿਆਨ ਸਜਦਾ, ਰੋਸ਼ੇਲ ਪ੍ਰਸਾਦ ਅਤੇ ਪ੍ਰਦੀਪ ਕੂਨਰ ਉਮੀਦਵਾਰ ਵਜੋਂ ਡਟੇ ਹੋਏ ਹਨ। ਸਰੀ ਕੁਨੈਕਟ ਕਈ ਮਿਉਂਸਪਲ ਰਾਜਸੀ ਪਾਰਟੀਆਂ ਵਿਚੋਂ ਇਕ ਹੈ ਜਿਹੜੀਆਂ ਮੈਟਰੋ ਵੈਨਕੂਵਰ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਮਿਉਂਸਪਲਟੀ 'ਤੇ ਕੰਟਰੋਲ ਕਰਨ ਲਈ ਯਤਨ ਕਰ ਰਹੀਆਂ ਹਨ। ਦੂਸਰੀਆਂ ਮੁੱਖ ਪਾਰਟੀਆਂ ਵਿਚ ਮੌਜੂਦਾ ਮੇਅਰ ਡੱਗ ਮੈਕਲਮ ਦੀ ਅਗਵਾਈ ਵਾਲੀ ਸੇਫ ਸਰੀ ਕੁਲੀਸ਼ਨ, ਬੀਸੀ ਐਨਡੀਪੀ ਐਮਐਲਏ ਜਿਨੀ ਸਿਮਸ ਦੀ ਅਗਵਾਈ ਵਾਲੀ ਸਰੀ ਫਾਰਵਾਰਡ ਅਤੇ ਫੈਡਰਲ ਲਿਬਰਲ ਐਮਪੀ ਸੁੱਖ ਧਾਲੀਵਾਲੀ ਦੀਅਗਵਾਈ ਵਾਲੀ ਯੂਨਾਈਟਡ ਸਰੀ ਸ਼ਾਮਿਲ ਹਨ। ਮੰਗਲਵਾਰ ਸਿਟੀ ਆਫ ਸਰੀ ਨੇ ਐਲਾਨ ਕੀਤਾ ਕਿ 15 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ 52 ਥਾਵਾਂ 'ਤੇ ਵੋਟਾਂ ਪਾਈਆਂ ਜਾ ਸਕਣਗੀਆਂ। 5,8,9 ਅਤੇ 12 ਅਕਤੂਬਰ ਨੂੰ ਚੁਕ ਬੇਲੀ ਰੀਕ੍ਰਿਏਸ਼ਨ ਸੈਂਟਰ, ਗਿਲਡਫੋਰਡ ਰੀਕ੍ਰਿਏਸ਼ਨ ਸੈਂਟਰ, ਫਲੀਟਵੁੱਡ ਕਮਿਊਨਿਟੀ ਸੈਂਟਰ, ਪ੍ਰਿੰਸਸ ਮਾਰਗ੍ਰੇਟ ਸੈਕੰਡਰੀ ਸਕੂਲ, ਕਲੋਵਰਡੇਲ ਰੀਕ੍ਰਿਏਸ਼ਨ ਸੈਂਟਰ ਅਤੇ ਸੇਮੀਆਹਮੂ ਸੈਕੰਡਰੀ ਸਕੂਲ ਵਿਖੇ ਪੇਸ਼ਗੀ ਵੋਟਿੰਗ ਦੀ ਇਜਾਜ਼ਤ ਦਿੱਤੀ ਜਾਵੇਗੀ।

# ਮੂਲਵਾਸੀ ਵਿਰਾਸਤ ਦੇ ਝੂਠੇ ਦਾਅਵੇ ਦੇ ਦੋਸ਼ ਪਿੱਛੋਂ ਐਮਿਲੀ ਕੈਰ ਯੂਨੀਵਰਸਿਟੀ ਦੀ ਪ੍ਰੋਫੈਸਰ ਵਲੋਂ ਅਸਤੀਫਾ




ਵੈਨਕੂਵਰ-ਮੂਲਵਾਸੀ ਵਿਰਾਸਤ ਬਾਰੇ ਝੂਠਾ ਦਾਅਵਾ ਕਰਨ ਦੇ ਦੋਸ਼ ਪਿੱਛੋਂ ਐਮਿਲੀ ਕੈਰ ਯੂਨੀਵਰਸਿਟੀ ਦੀ ਪ੍ਰੋਫੈਸਰ ਜੀਨਾ ਐਡਮਜ਼ ਨੇ ਅਸਤੀਫਾ ਦੇ ਦਿੱਤਾ ਹੈ। ਜੀਨਾ ਐਡਮਜ਼ 2019 ਵਿਚ ਮੇਲਮਿਲਾਪ, ਸਵਦੇਸ਼ੀਕਰਨ ਤੇ ਉਪਨਿਵੇਸ਼ੀਕਰਨ ਦੀ ਵਚਨਬੱਧਤਾ ਦੇ ਹਿੱਸੇ ਵਜੋਂ ਕਲੱਸਟਰ ਵਿਚ ਹਾਇਰ ਕੀਤੇ ਫੈਕਲਟੀ ਗਰੁੱਪ ਵਿਚ ਸ਼ਾਮਿਲ ਸੀ। ਈਸੀਯੂ ਦੇ ਬੁਲਾਰੇ ਅਲੈਗਜ਼ੈਂਡਰ ਕੋਰੀਨੋਵਸਕੀ ਨੇ ਜਾਰੀ ਇਕ ਬਿਆਨ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਲਾਕਾਰ ਜੀਨਾ



ਐਡਮਜ਼ ਨੇ 25 ਅਗਸਤ ਨੂੰ ਆਪਣੇ ਸਹਾਇਕ ਪ੍ਰੋਫੈਸਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਐਮਿਲੀ ਕੈਰ ਯੂਨੀਵਰਸਿਟੀ ਨੇ ਇਨ੍ਹਾਂ ਦੋਸ਼ਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਹੈ ਜਿਸ ਵਿਚ ਸਾਡੀ ਫੈਕੁਲਟੀ ਦੇ ਇਕ ਮੈਂਬਰ ਨੇ ਮੂਲਵਾਸੀ ਪਛਾਣ ਦਾ ਝੂਠਾ ਦਾਅਵਾ ਕੀਤਾ ਹੈ। ਬਿਆਨ ਵਿਚ ਮੈਕਲੀਨ ਦੇ 6 ਸਤੰਬਰ ਨੂੰ ਛਪੇ ਲੇਖ ਦਾ ਹਵਾਲਾ ਦਿੱਤਾ ਗਿਆ ਅਤੇ ਪਾਇਆ ਗਿਆ ਕਿ ਐਡਮਜ਼ ਆਪਣੇ ਦਾਅਵਾ ਨੂੰ ਸਾਬਤ ਕਰਨ ਵਿਚ ਅਸਮਰੱਥ ਰਹੀ ਹੈ ਕਿ ਉਸ ਦਾ ਦਾਦਾ ਓਜੀਬਵੇ-ਲਕੋਟਾ ਵੰਸ਼ ਨਾਲ ਸਬੰਧਤ ਸੀ। ਲੇਖ ਮੁਤਾਬਿਕ ਖੋਜ ਵਿਚ ਪਾਇਆ ਗਿਆ ਕਿ ਐਂਡਮਜ਼ ਦਾ ਦਾਦਾ ਇਕ ਗੋਰਾ ਸੀ ਜਦਕਿ ਐਡਮਜ਼ ਦਾ ਅਮਰੀਕਾ ਵਿਚ ਵਾਈਟ ਅਰਥ ਨੇਸ਼ਨ ਦਾ ਵੰਸ਼ਜ਼ ਹੋਣ ਦਾ ਦਾਅਵਾ ਕੀਤਾ ਸੀ ਜਿਸ ਨੂੰ ਵਾਈਟ ਅਰਥ ਨੇਸ਼ਨ ਨੇ ਰੱਦ ਕਰ ਦਿੱਤਾ ਸੀ।

# ਪੋਲੀਵਰੇ ਕੰਸਰਵੇਟਿਵ ਵੋਟਰਾਂ ਵਿਚ ਹਰਮਨਪਿਆਰਾ ਪਰ ਆਮ ਜਨਤਾ 'ਚ ਨਹੀਂ

ਓਟਵਾ-ਇਕ ਤਾਜ਼ਾ ਚੋਣ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਕੰਸਰਵੇਟਿਵ ਲੀਡਰਸ਼ਿਪ ਦੌੜ ਵਿਚ ਮੋਹਰੀ ਉਮੀਦਵਾਰ ਸਮਝੇ ਜਾਂਦੇ ਪਿਅਰੇ ਪੋਲੀਵਰੇ ਕੰਸਰਵੇਟਿਵ ਵੋਟਰਾਂ ਵਿਚ ਤਾਂ ਹਰਮਨ ਪਿਆਰੇ ਬਣੇ ਹੋਏ ਹਨ ਪਰ ਆਮ ਜਨਤਾ ਦਾ ਬਹੁਤਾ ਸਮਰਥਨ ਨਹੀਂ ਮਿਲ ਰਿਹਾ। ਪੋਲੀਵਰੇ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕੰਸਰਵੇਟਿਵ ਦੇ ਵੋਟਰ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਜਦਕਿ ਆਮ ਜਨਤਾ ਉਸ ਬਾਰੇ ਬਹੁਤਾ ਨਹੀਂ ਜਾਣਦੀ। ਕੰਸਰਵੇਟਿਵ ਲੀਡਰਸ਼ਿਪ ਫਾਈਨਲ ਤੋਂ ਪਹਿਲਾਂ ਇਪਸੋਸ ਵਲੋਂ ਕੀਤੇ ਤਾਜ਼ਾ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਜਿਹੜੇ ਲੋਕ ਟੋਰੀਜ਼ ਲਈ ਪਹਿਲਾਂ ਹੀ ਵੋਟ ਦਿੰਦੇ ਰਹੇ ਹਨ ਉਨ੍ਹਾਂ ਵਿਚ ਪਿਅਰੇ ਪੋਲੀਵਰੇ ਸਪਸ਼ਟ ਰੂਪ ਵਿਚ ਪਸੰਦੀਦਾ ਉਮੀਦਵਾਰ ਹਨ ਪਰ ਆਮ ਜਨਤਾ ਵਿਚ



ਲੋਕਪ੍ਰਿਯ ਨਹੀਂ। ਇਪਸੋਸ ਦੇ ਜਨਤਕ ਮਾਮਲਿਆਂ ਦੇ ਸੀਈਓ ਡੈਰਲ ਬਰਿਕਰ ਨੇ ਕਿਹਾ ਕਿ ਚੈਰੇਸਟ ਉਨ੍ਹਾਂ ਵਿਚ ਸਭ ਤੋਂ ਵੱਧ ਵੰਡ ਪਾਊ ਉਮੀਦਵਾਰ ਲਗਦਾ ਹੈ ਜਿਨ੍ਹਾਂ ਨੇ ਇਹ ਸੰਕੇਤ ਦਿੱਤਾ ਕਿ ਉਹ ਅਗਲੀ ਚੋਣ ਵਿਚ ਬਲਿਊ ਨੂੰ ਵੋਟ ਪਾਉਣਗੇ। ਪੋਲ ਵਿਚ ਜਦੋਂ ਸਾਰੇ ਵੋਟਰਾਂ ਸਾਹਮਣੇ ਪ੍ਰਸ਼ਨ ਰੱਖਿਆ ਗਿਆ ਤਾਂ ਸਿਰਫ 23 ਫ਼ੀਸਦੀ ਕੈਨੇਡੀਅਨਾਂ ਨੇ ਕਿਹਾ ਕਿ ਉਨ੍ਹਾਂ ਦਾ ਪੋਲੀਵਰੇ ਬਾਰੇ ਹਾਂਪੱਖੀ ਵਿਚਾਰ ਹੈ ਜਦਕਿ 35 ਫ਼ੀਸਦੀ ਦਾ ਕਹਿਣਾ ਕਿ ਉਨ੍ਹਾਂ ਦਾ ਪ੍ਰਤੀਕੂਲ ਨਜ਼ਰੀਆ ਹੈ ਅਤੇ 42 ਫ਼ੀਸਦੀ ਉਸ ਨੂੰ ਜਾਣਦੇ ਹੀ ਨਹੀਂ। ਇਸ ਦੀ ਤੁਲਨਾ ਵਿਚ ਚੈਰੇਸਟ 31 ਫ਼ੀਸਦੀ ਆਮ ਜਨਤਾ ਵਿਚ ਲੋਕਪ੍ਰਿਯ ਹਨ, 33 ਫ਼ੀਸਦੀ ਪ੍ਰਤੀਕੂਲ ਨਜ਼ਰੀਏ ਨਾਲ ਦੇਖਦੇ ਹਨ ਅਤੇ 35 ਫ਼ੀਸਦੀ ਉਸ ਬਾਰੇ ਬਹੁਤੀ ਜਾਣਕਾਰੀ ਨਹੀਂ ਰੱਖਦੇ।

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਕੈਨੇਡਾ 'ਚ ਸਿਆਸਤਦਾਨਾਂ ਤੇ ਜਨਤਕ ਆਗੂਆਂ ਦੀ ਸੁਰੱਖਿਆ ਦਾ ਮੁੱਦਾ...

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਨੂੰ ਮਾਨਵੀ ਹੱਕਾਂ ਦੇ ਅਲੰਬਰਦਾਰ ਦੇ ਨਾਲ ਲੋਕਾਂ ਦੇ ਸਭਿਅਕ ਅਤੇ ਸਹਿਣਸ਼ੀਲ ਵਿਹਾਰ ਵਜੋ ਆਦਰਸ਼ ਮੁਲਕ ਵਜੋ ਵੇਖਿਆ ਜਾਂਦਾ ਹੈ ਪਰ ਪਿਛਲੇ ਕੁਝ ਸਮੇਂ ਤੋ ਵੇਖਣ ਵਿਚ ਆ ਰਿਹਾ ਹੈ ਕਿ ਆਮ ਲੋਕਾਂ ਵਿਚ ਸਹਿਣਸ਼ੀਲਤਾ ਤੇ ਵਿਹਾਰ ਵਿਚ ਵੱਡੀ ਤਬਦੀਲੀ ਆ ਰਹੀ ਹੈ। ਇਕ ਸ਼ਾਂਤੀ ਪਸੰਦ ਮੁਲਕ ਵਜੋ ਇਥੋਂ ਦੇ ਸਿਆਸਤਦਾਨਾਂ ਦੀ ਲੋਕਾਂ ਨਾਲ ਪਹੁੰਚ ਅਤੇ ਉਹਨਾਂ ਵਿਚ ਖੁਲੇਆਮ ਵਿਚਰਨ ਦੀਆਂ ਗੱਲਾਂ ਵਿਕਾਸਸ਼ੀਲ ਮੁਲਕਾਂ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਉਹ ਲੋਕ ਜਦੋ ਕੈਨੇਡੀਅਨ ਸਿਆਸਤਦਾਨਾਂ ਤੇ ਉਚ ਅਹੁਦਿਆਂ ਤੇ ਬੈਠੀਆਂ ਵਿਅਕਤੀਆਂ ਨੂੰ ਬਿਨਾਂ ਕਿਸੇ ਸੁਰੱਖਿਆ, ਆਪਣੀ ਗੱਡੀ ਆਪ ਚਲਾਕੇ ਸ਼ਾਪਿੰਗ ਮਾਲ ਵਿਚ ਜਾਣ ਅਤੇ ਖਰੀਦਦਾਰੀ ਕਰਦਿਆਂ ਵੇਖਦੇ ਹਨ ਤਾਂ ਉਚ ਸ਼ਖਸੀਅਤਾਂ ਦੀ ਸਾਦਾ ਤਰਜੇ ਜਿੰਦਗੀ ਅਤੇ ਆਮ ਸ਼ਹਿਰੀਆਂ ਦੀ ਤਰਾਂ ਵਿਚਰਨ ਨੂੰ ਅਚੰਭੇ ਦੀ ਤਰਾਂ ਲੈਂਦੇ ਹਨ।

ਪਰ ਪਿਛਲੇ ਕੁਝ ਸਮੇਂ ਤੋ ਕੈਨੇਡਾ ਵਿਚ ਸਿਆਸਤਦਾਨਾਂ ਤੇ ਉਚ ਹਸਤੀਆਂ ਨਾਲ ਜਨਤਾ ਵਿਚ ਵਿਚਰਦਿਆਂ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜੋ ਕੈਨੇਡੀਅਨ ਵਿਹਾਰ ਨਾਲ ਮੇਲ ਨਹੀ ਖਾਂਦੀਆਂ। ਜੋ ਸ਼ਾਂਤੀ ਪਸੰਦ ਕੈਨੇਡੀਅਨਾਂ ਵਿਚ ਭਾਰੂ ਹੋ ਰਹੀਆਂ ਅਸਭਿਅਕ ਰੁਚੀਆਂ ਦੀ ਵੱਲ ਸੰਕੇਤ ਕਰਦੀਆਂ ਹਨ। ਆਮ ਲੋਕਾਂ ਚੋ ਕੁਝ ਲੋਕਾਂ ਦਾ ਅਜਿਹਾ ਉਗਰ ਵਿਹਾਰ ਭਾਵੇਂ ਕਿ ਕੋਈ ਵਿਕੋਲਿਤਰੀ ਘਟਨਾ ਹੋ ਸਕਦਾ ਹੈ ਪਰ ਇਹ ਕੈਨੇਡੀਅਨ ਸਮਾਜ ਦੀ ਬਦਲ ਰਹੀ ਤਸਵੀਰ ਪ੍ਰਤੀ ਚਿੰਤਾ ਵੀ ਵਿਅਕਤ ਕਰਦਾ ਹੈ।

ਜਨਤਕ ਪੱਧਰ ਤੇ ਅਜਿਹੀਆਂ ਘਟਨਾਵਾਂ ਵਿਚ ਹੋ ਰਿਹਾ ਵਾਧਾ ਜਿਥੇ ਗੰਭੀਰ ਸਵਾਲ ਖੜੇ ਕਰਦਾ ਹੈ ਉਥੇ ਮੁਲਕ ਦੀ ਸੁਰੱਖਿਆ ਪ੍ਰਣਾਲੀ ਵਿਚ ਤਬਦੀਲੀਆਂ ਦੀ ਮੰਗ ਨੂੰ ਲੈਕੇ ਇਕ ਨਵੀ ਚਰਚਾ ਵੀ ਛਿੜ ਗਈ ਹੈ। ਬੀਤੇ ਸਮੇਂ ਵਿਚ ਪ੍ਰਧਾਨ ਮੰਤਰੀ ਟਰੂਡੋ ਤੋ ਇਲਾਵਾ ਮੁੱਖ ਵਿਰੋਧੀ ਧਿਰ ਐਨ ਡੀ ਪੀ ਦੇ ਆਗੂ ਜਗਮੀਤ ਸਿੰਘ ਤੇ ਕੁਝ ਹੋਰ ਸ਼ਖਸੀਅਤਾਂ ਨਾਲ ਬਦਤਮੀਜੀ ਵਾਲੇ ਜਨਤਕ ਵਿਹਾਰ ਦੀਆਂ ਘਟਨਾਵਾਂ ਉਪਰੰਤ ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਅਲਬਰਟਾ ਦੌਰੇ ਦੌਰਾਨ ਗਰੈਂਡ ਪਰੇਰੀ ਸ਼ਹਿਰ ਵਿਚ ਉਸ ਨਾਲ ਜੋ ਕੁਝ ਵਾਪਰਿਆ ਉਹ ਸਚਮੁੱਚ ਚਿੰਤਾਜਨਕ ਹੈ। ਇਕ ਡਿਪਟੀ ਪ੍ਰਧਾਨ ਮੰਤਰੀ ਦੇ ਅਹਿਮ ਅਹੁਦੇ ਨੂੰ ਪਾਸੇ ਰੱਖਦਿਆਂ ਇਕ ਔਰਤ ਵਜੋ ਉਸ ਨਾਲ ਅਜਿਹਾ ਵਿਹਾਰ ਕਦਾਚਿਤ ਸਵੀਕਾਰਨਯੋਗ ਨਹੀ। ਉਹ ਮੁਲਕ ਜਿਥੇ ਔਰਤ ਹੱਕਾਂ ਅਤੇ ਉਸਦੀ ਆਜਾਦੀ ਨੂੰ ਸਭ ਤੋ ਵਧ ਅਹਿਮੀਅਤ ਦਿਤੀ ਜਾਂਦੀ ਹੈ, ਉਥੇ ਇਕ ਸਨਮਾਨਯੋਗ ਔਰਤ ਨਾਲ ਅਜਿਹਾ ਵਿਵਹਾਰ ਹੋਰ ਵੀ ਮੰਦਭਾਗਾ ਹੈ। ਡਿਪਟੀ ਪ੍ਰਧਾਨ ਮੰਤਰੀ ਫਰੀਲੈਂਡ ਪਿਛਲੇ ਹਫਤੇ ਅਲਬਰਟਾ ਦੇ ਸ਼ਹਿਰ ਗਰੈਂਡ ਪਰੇਰੀ ਵਿਖੇ ਜਦੋ ਇਕ ਜਨਤਕ ਸਮਾਗਮ ਵਿਚ ਸ਼ਾਮਲ ਹੋਣ ਪੁੱਜੇ ਤਾਂ ਉਥੇ ਮੌਜੂਦ ਇਕ ਵਿਅਕਤੀ ਨੇ ਉਹਨਾਂ ਨਾਲ ਬਦਤਮੀਜੀ ਕਰਨ ਦੀ ਕੀਤੀ। ਉਸ ਉਪਰ ਚਿਲਾਉਂਦਿਆਂ ਉਸਨੂੰ ਗੱਦਾਰ ਕਿਹਾ ਤੇ ਗਾਲ ਕੱਢਦਿਆਂ ਸੂਬੇ ਚੋ ਨਿਕਲ ਜਾਣ ਲਈ ਧਮਕਾਇਆ। ਆਪੇ ਤੋ ਬਾਹਰ ਉਸ ਵਿਅਕਤੀ ਨੇ ਡਿਪਟੀ ਪ੍ਰਧਾਨ ਮੰਤਰੀ ਦਾ ਲਿਫਟ ਵਿਚ ਜਾਣ ਤੱਕ ਪਿੱਛਾ ਕੀਤਾ। ਇਵੇਂ ਲੱਗਦਾ ਸੀ ਕਿ ਗੁੱਸੇ ਵਿਚ ਲਾਲ ਪੀਲਾ ਹੋਇਆ ਉਹ ਵਿਅਕਤੀ ਫਰੀਲੈਂਡ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣ ਲਈ ਉਤਾਵਲਾ ਸੀ ਪਰ ਫਰੀਲੈਂਡ ਨੇ ਹਾਲਾਤ ਦੀ ਨਾਜੁਕਤਾ ਨੂੰ ਸਮਝਦਿਆਂ ਉਥੋ ਕਾਹਲੀ ਵਿਚ ਨਿਕਲ ਜਾਣ ਵਿਚ ਹੀ ਭਲਾਈ ਜਾਣੀ। ਇਸ ਸਬੰਧੀ ਵਾਇਰਲ ਹੋਈ ਵੀਡੀਓ ਵਿਚ ਡਿਪਟੀ ਪ੍ਰਧਾਨ ਮੰਤਰੀ ਤੇ ਉਸਦਾ ਮਹਿਲਾ ਸਟਾਫ ਡਰੇ ਤੇ ਸਹਿਮੇ ਹੋਏ ਦਿਖਾਈ ਦੇ ਰਹੇ ਹਨ ਤੇ ਬਦਤਮੀਜੀ ਤੇ ਉਤਾਰੂ ਵਿਅਕਤੀ ਉਹਨਾਂ ਉਪਰ ਲਗਾਤਾਰ ਚਿਲਾ ਰਿਹਾ ਸੀ।



ਡਿਪਟੀ ਪ੍ਰਧਾਨ ਮੰਤਰੀ ਫਰੀਲੈਂਡ ਦੇ ਉਂਜ ਹੌਸਲੇ ਦੀ ਦਾਦ ਦੇਣੀ ਬਣਦੀ ਹੈ ਕਿ ਉਸਨੇ ਇਸ ਘਟਨਾ ਉਪਰੰਤ ਆਪਣਾ ਅਲਬਰਟਾ ਦੌਰਾ ਰੱਦ ਨਹੀ ਕੀਤਾ ਬਲਕਿ ਐਡਮਿੰਟਨ ਤੇ ਕੈਲਗਰੀ ਵਿਚ ਵੀ ਆਪਣੇ ਸਮਰਥਕਾਂ ਵਿਚ ਪੁੱਜੇ। ਉਹਨਾਂ ਕਿਹਾ ਕਿ ਭਾਵੇਂਕਿ ਇਹ ਘਟਨਾ ਕਾਫੀ ਤਕਲੀਫਦੇਹ ਰਹੀ ਪਰ ਉਹ ਅਲਬਰਟਾ ਤੇ ਆਪਣੇ ਲੋਕਾਂ ਨੂੰ ਪਿਆਰ ਕਰਦੀ ਹੈ। ਉਹ ਜਾਣਦੀ ਹੈ ਕਿ ਅਲਬਰਟਾ ਅਜਿਹਾ ਨਹੀ ਹੈ। ਅਲਬਰਟਾ ਦੇ ਲੋਕ ਹਮੇਸ਼ਾ ਬਾਹਰੋ ਆਉਣ ਵਾਲਿਆ ਦਾ ਸਵਾਗਤ ਕਰਨ ਵਾਲੇ ਤੇ ਮਹਿਮਾਨਨਿਵਾਜੀ ਲਈ ਜਾਣੇ ਜਾਂਦੇ ਹਨ। ਉਸਦਾ ਅਲਬਰਟਾ ਨਾਲ ਗਾੜ੍ਹਾ ਰਿਸ਼ਤਾ ਹੈ।

ਬਿਨਾਂ ਸ਼ੱਕ ਡਿਪਟੀ ਪ੍ਰਧਾਨ ਮੰਤਰੀ ਨੇ ਇਸ ਘਟਨਾ ਨੂੰ ਸਹਿਣ ਕਰਦਿਆਂ ਆਰ ਸੀ ਐਮ ਪੀ ਉਪਰ ਭਰੋਸਾ ਪ੍ਰਗਟ ਕੀਤਾ ਹੈ ਪਰ ਉਧਰ ਆਰ ਸੀ ਐਮ ਪੀ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਸੰਬੰਧਿਤ ਵਿਅਕਤੀ ਖਿਲਾਫ ਕੋਈ ਚਾਰਜ ਬਣਦੇ ਹਨ ਜਾਂ ਨਹੀਂ ਪਰ ਇਹ ਜ਼ਰੂਰ ਹੈ ਕਿ ਮੁਲਕ ਵਿਚ ਪੈਦਾ ਹੋ ਰਹੇ ਅਜਿਹੇ ਮਾਹੌਲ ਦਰਮਿਆਨ ਸਿਆਸਤਦਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੋਈ ਰਾਹ ਤਲਾਸ਼ਣਾ ਪਵੇਗਾ।

ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੋ ਕਿ ਖੁਦ ਅਜਿਹੀਆਂ ਕਈ ਘਟਨਾਵਾਂ ਦਾ ਸਾਹਮਣਾ ਕਰ ਚੁੱਕੇ ਹਨ ਦਾ ਕਹਿਣਾ ਹੈ ਕਿ ਅਸਹਿਣਸ਼ੀਲਤਾ ਦੇ ਵਧ ਰਹੇ ਇਸ ਮਾਹੌਲ ਵਿਚ ਸਿਆਸਤਦਾਨਾਂ ਨੂੰ ਹੋਰ ਵੀ ਜਿੰਮੇਵਾਰੀ ਅਤੇ ਧੀਰਜ ਤੋ ਕੰਮ ਲੈਣ ਦੀ ਲੋੜ ਹੈ ਪਰ ਨਾਲ ਹੀ ਉਹਨਾਂ ਨੇ ਪਾਰਟੀ ਪੱਧਰ ਤੋ ਉਪਰ ਉਠਕੇ ਸਾਰੇ ਸਿਆਸਤਦਾਨਾਂ ਨੂੰ ਅਜਿਹੀਆਂ ਘਟਨਾਵਾਂ ਦੀ ਨਿੰਦਾ ਕਰਨ ਲਈ ਕਿਹਾ ਹੈ।

ਪ੍ਰਧਾਨ ਮੰਤਰੀ ਨੇ ਹੋਰ ਕਿਹਾ ਹੈ ਕਿ ਇਸਤੋ ਪਹਿਲਾਂ ਕਿ ਜਨਤਕ ਪ੍ਰਤੀਨਿਧਾਂ ਨੂੰ ਜਨਤਾ ਨਾਲ ਸੁਰੱਖਿਅਤ ਪਹੁੰਚ ਬਣਾਉਣ ਲਈ ਸੁਰੱਖਿਆ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕੀਤੀ ਜਾਵੇ, ਅਜਿਹੇ ਮਾਹੌਲ ਜਿਸ ਵਿਚ ਸਿਆਸਤਦਾਨਾਂ ਨੂੰ ਡਰਾਉਣ ਧਮਕਾਉਣ ਜਾਂ ਨਫਰਤੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਦੀ ਜੋਰਦਾਰ ਢੰਗ ਨਾਲ ਨਿੰਦਾ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਜਨਤਕ ਪ੍ਰਤੀਨਿਧਾਂ ਦਾ ਆਪਣੇ ਲੋਕਾਂ ਨਾਲ ਸਿੱਧਾ ਤੇ ਨੇੜਲਾ ਰਾਬਤਾ ਬਹੁਤ ਜ਼ਰੂਰੀ ਹੈ ਤੇ ਇਸ ਵਿਚ ਕੋਈ ਰੁਕਾਵਟ ਨਹੀ ਆਉਣੀ ਚਾਹੀਦੀ। ਪਰ ਕੁਝ ਥੋੜੇ ਜਿਹੇ ਲੋਕਾਂ ਵਲੋ ਸਿਆਸਤਦਾਨ ਨੂੰ ਡਰਾਉਣ ਤੇ ਹਿੰਸਕ ਵਿਹਾਰ ਕਾਰਣ ਜਨਤਕ ਪ੍ਰਤੀਨਿਧਾਂ ਦੀ ਆਜਾਦੀ ਬਾਰੇ ਸਚਮੁੱਚ ਸੋਚਣ ਤੇ ਵਿਚਾਰਨ ਦੀ ਲੋੜ ਹੈ।

ਉਹਨਾਂ ਡਿਪਟੀ ਪ੍ਰਧਾਨ ਮੰਤਰੀ ਨਾਲ ਵਾਪਰੀ ਘਟਨਾ ਦੀ ਪਾਰਟੀ ਪੱਧਰ ਤੋ ਉਪਰ ਉਠਕੇ ਨਿੰਦਾ ਕੀਤੇ ਜਾਣ ਦੀ ਅਪੀਲ ਕੀਤੀ ਹੈ। ਉਹਨਾਂ ਦੇ ਹੁੰਗਾਰੇ ਵਜੋ ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਇਹ ਘਟਨਾ ਸਚਮੁੱਚ ਹੀ ਨਿੰਦਣਯੋਗ ਹੈ।

ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੇਂਡੀਸੀਨੋ ਦਾ ਪ੍ਰਤੀਕਰਮ ਹੈ ਕਿ ਅਲਬਰਟਾ ਵਿਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨਾਲ ਇਸ ਵੀਕਐਂਡ ਵਿਚ ਵਾਪਰੀ ਬਦਤਮੀਜ਼ੀ ਦੀ ਘਟਨਾ ਪਿੱਛੋਂ ਸਰਕਾਰ ਸਿਆਸਤਦਾਨਾਂ ਨੂੰ ਵਧੇਰੇ ਸੁਰੱਖਿਆ ਮੁਹੱਈਆ ਕਰਨ ਦੇ ਸਾਰੇ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ ? ਮੇਂਡੀਸੀਨੋ ਦਾ ਕਹਿਣਾ ਕਿ ਉਹ ਇਸ ਘਟਨਾ ਤੋਂ ਪ੍ਰੇਸ਼ਾਨ ਹੈ ? ਡਿਪਟੀ ਪ੍ਰਧਾਨ ਮੰਤਰੀ ਅਤੇ ਉਸ ਦੇ ਸਟਾਫ ਨੂੰ ਜਿਸ ਤਰ੍ਹਾਂ ਧਮਕਾਇਆ, ਪ੍ਰੇਸ਼ਾਨ ਕੀਤਾ ਅਤੇ ਸਿੱਧੀਆਂ ਧਮਕੀਆਂ ਦਿੱਤੀਆਂ, ਅਜਿਹੇ ਉਗਰ ਵਿਹਾਰ ਲਈ ਕੈਨੇਡਾ ਵਰਗੇ ਮੁਲਕ ਵਿਚ ਕੋਈ ਥਾਂ ਨਹੀਂ ? ਉਂਜ ਆਰ ਸੀ ਐਮ ਪੀ ਪ੍ਰਧਾਨ ਮੰਤਰੀ ਨੂੰ 24 ਘੰਟੇ ਸੁਰੱਖਿਆ ਪ੍ਰਦਾਨ ਕਰਦੀ ਹੈ ਪਰ ਮੰਤਰੀਆਂ ਨੂੰ ਆਮ ਤੌਰ 'ਤੇ ਸੁਰੱਖਿਆ ਨਹੀਂ ਦਿੱਤੀ ਜਾਂਦੀ ? ਓਟਵਾ ਵਿਚ ਮੰਤਰੀਆਂ ਕੋਲ ਸਿਰਫ ਕਾਰ ਤੇ ਡਰਾਈਵਰ ਹੁੰਦਾ ਹੈ ? ਮੇਂਡੀਸੀਨੋ ਦਾ ਕਹਿਣਾ ਉਹ ਸਾਰੇ ਸਿਆਸਤਦਾਨਾਂ ਨੂੰ ਸੁਰੱਖਿਆ ਦੇ ਪੱਧਰ ਤੋਂ ਚਿੰਤਤ ਹੈ ਅਤੇ ਕਿਹਾ ਕਿ ਸਿਆਸਤਦਾਨਾਂ ਨੂੰ ਜਨਤਕ ਸੁਰੱਖਿਆ ਪ੍ਰਦਾਨ ਕੀਤੇ ਜਾਣ ਲਈ ਸਾਰੀਆਂ ਗੱਲਾਂ ਵਿਚਾਰ ਅਧੀਨ ਹਨ ? ਉਹ ਆਰ ਸੀ ਐਮ ਪੀ ਅਤੇ ਸਥਾਨਕ ਤੇ ਰੀਜ਼ਨਲ ਪੁਲਿਸ ਸਰਵਿਸ ਦੇ ਸਾਰਜੈਂਟਾਂ ਨਾਲ ਨੇੜਿਓਂ ਕੰਮ ਕਰ ਰਹੇ ਹਨ ?ਨੈਸ਼ਨਲ ਪੋਸਟ ਨੇ ਜੂਨ ਵਿਚ ਆਪਣੀ ਇਕ ਰਿਪੋਰਟ ਵਿਚ ਜਿਕਰ ਕੀਤਾ ਸੀ ਕਿ 2019 ਦੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਖਿਲਾਫ ਲਗਪਗ 60 ਧਮਕੀਆਂ ਮਿਲੀਆਂ ਸਨ ? ਸਰਕਾਰੀ ਦਸਤਾਵੇਜ਼ ਵੀ ਦੱਸਦੇ ਹਨ ਕਿ ਆਰ ਸੀ ਐਮ ਪੀ ਇਸ ਸਮੇਂ ਫ੍ਰੀਲੈਂਡ ਸਮੇਤ 6 ਮੰਤਰੀਆਂ ਦੀ ਸੁਰੱਖਿਆ ਦਾ ਮੁਲਾਂਕਣ ਕਰ ਕਰ ਰਹੀ ਹੈ ?

ਸਿਆਸਤਦਾਨਾਂ ਦੀ ਸੁਰੱਖਿਆ ਦੇ ਨਾਲ ਇਹ ਕੈਨੇਡੀਅਨ ਸਮਾਜ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਗਰ ਸਿਆਸਤਦਾਨਾਂ ਤੇ ਜਨਤਕ ਆਗੂਆਂ ਨੂੰ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੇ ਨਾਮ ਹੇਠ ਉਹਨਾਂ ਨੂੰ ਸੁਰੱਖਿਆ ਗਾਰਡ ਮੁਹੱਈਆ ਕਰਨ ਦਾ ਕੋਈ ਫੈਸਲਾ ਲਿਆ ਜਾਂਦਾ ਹੈ ਤਾਂ ਯਕੀਨਨ ਇਹ ਸ਼ਾਂਤੀਪਸੰਦ ਕੈਨੇਡੀਅਨ ਸਮਾਜ ਦੀ ਚੰਗੇਰੀ ਛਵੀ ਨੂੰ ਵੀ ਸੁਰੱਖਿਅਤ ਨਹੀ ਰਹਿਣ ਦੇਵੇਗਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

# ਚਾਕੂ ਹਮਲੇ ਵਿਚ ਇਕ ਦੀ ਮੌਤ-ਦੋ ਜ਼ਖ਼ਮੀ



ਐਡਮਿੰਟਨ-ਐਡਮਿੰਟਨ ਦੇ ਉੱਤਰ ਵਿਚ ਇਕ 25 ਸਾਲਾ ਵਿਅਕਤੀ ਕਲੀਰੈਂਸ ਲਾਰੈਂਸ ਨੇ ਕਈ ਵਿਅਕਤੀਆਂ 'ਤੇ ਬਿਨ੍ਹਾਂ ਕਿਸੇ ਕਾਰਨ ਚਾਕੂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਐਡਮਿੰਟਨ ਪੁਲਿਸ ਦੇ ਬੁਲਾਰੇ ਸ਼ੈਰਲ ਸ਼ੈਪਰਡ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਫਸਰਾਂ ਨੇ ਲਾਰੈਂਸ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਨੇ ਦੱਸਿਆ ਕਿ ਲਗਦਾ ਹੈ ਕਿ ਹਮਲੇ ਬਿਨ੍ਹਾਂ ਕਿਸੇ ਕਾਰਨ ਕੀਤੇ ਗਏ ਹਨ। ਜਦੋਂ ਪੁਲਿਸ ਉਸ ਦੀ ਤਲਾਸ਼ ਕਰ ਰਹੀ ਸੀ ਤਾਂ ਪੁਲਿਸ ਨੇ ਇਲਾਕਾ ਵਾਸੀਆਂ, ਪੈਦਲ ਯਾਤਰੀਆਂ ਤੇ ਡਰਾਈਵਰਾਂ ਨੂੰ ਘਰਾਂ ਅੰਦਰ ਪਨਾਹ ਲੈਣ ਜਾਂ ਹੇਰਮਿਟੇਜ ਰੋਡ ਅਤੇ ਹੈਨਰੀ ਐਵੀਨਿਊ ਇਲਾਕੇ ਤੋਂ ਦੂਰ ਰਹਿਣ ਲਈ ਕਿਹਾ ਕਿਉਂਕਿ ਲਾਰੈਂਸ ਇਲਾਕੇ ਵਿਚ ਤੇਜ਼ ਧਾਰ ਹਥਿਆਰ ਨਾਲ ਘੁੰਮ ਰਿਹਾ ਸੀ। ਪੁਲਿਸ ਨੇ ਸ਼ੱਕੀ ਨੂੰ ਖ਼ਤਰਨਾਕ ਦੱਸਿਆ ਅਤੇ ਕਿਹਾ ਕਿ ਉਸ ਦੇ ਨੇੜੇ ਨਹੀਂ ਜਾਣਾ ਚਾਹੀਦਾ।

# ਇਕ ਵਿਅਕਤੀ ਨੂੰ ਚਾਕੂ ਮਾਰ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕੀਤਾ



ਵੈਨਕੂਵਰ-ਇਥੇ ਇਕ ਵਿਅਕਤੀ ਨੂੰ ਚਾਕੂ ਦੇ ਕਈ ਵਾਰ ਕਰ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ ਗਿਆ। ਇਸ ਸਬੰਧ ਵਿਚ ਇਕ 16 ਸਾਲਾ ਲੜਕੀ ਤੇ ਉਸ ਦੇ ਕਿਸ਼ੋਰ ਪ੍ਰੇਮੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਡਾਊਨਟਾਊਨ ਵੈਨਕੂਵਰ ਵਿਚ ਮੁਰੇ ਹੋਟਲ ਦੇ ਬਾਹਰ ਹਮਲੇ ਦੇ ਸ਼ਿਕਾਰ ਹੋਏ ਵਿਅਕਤੀ ਨੂੰ ਤੁਰੰਤ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਸਾਰਜੈਂਟ ਸਟੀਵ ਐਡੀਸਨ ਨੇ ਕਿਹਾ ਕਿ ਸਾਨੂੰ ਵਿਸ਼ਵਾਸ਼ ਹੈ ਕਿ ਉਸ ਦੇ ਭਿਆਨਕ ਜ਼ਖ਼ਮਾਂ ਦੇ ਬਾਵਜੂਦ ਉਹ ਚਮਤਕਾਰੀ ਢੰਗ ਨਾਲ ਬਚ ਜਾਵੇਗਾ। ਕਈ ਚਸ਼ਮਦੀਦ ਗਵਾਹਾਂ ਨੇ ਪੁਲਿਸ ਦੇ ਅਫਸਰਾਂ ਨੂੰ ਮਹੱਤਵਪੂਰਣ ਜਾਣਕਾਰੀ ਦਿੱਤੀ ਜਿਸ ਕਾਰਨ ਡਾਊਨਟਾਊਨ ਈਸਟਸਾਈਡ ਵਿਚ ਐਂਡੀ ਲਿਵਿੰਗਟਨ ਪਾਰਕ ਨੇੜੇ ਦੋਵੇਂ ਸ਼ੱਕੀਆਂ ਨੂੰ ਬਿਨ੍ਹਾਂ ਕਿਸੇ ਘਟਨਾ ਦੇ ਗ੍ਰਿਫ਼ਤਾਰ ਕਰ ਲਿਆ। ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਪੀੜਤ ਆਪਣੇ ਹਮਲਾਵਰਾਂ ਨੂੰ ਜਾਣਦਾ ਹੈ ਅਤੇ ਹਮਲਾ ਮਿਥ ਕੇ ਕੀਤਾ ਗਿਆ ਸੀ।



# ਬਰਨਬੀ ਦੇ ਸਕੂਲ 'ਚ ਪੜ੍ਹਦੀ ਰਹੀ ਹੈ ਬਰਤਾਨੀਆ ਦੀ ਨਵੀਂ ਪ੍ਰਧਾਨ ਮੰਤਰੀ ਲਿਜ਼ ਟ੍ਰੱਸ

ਲੰਡਨ-47 ਸਾਲਾ ਟ੍ਰੱਸ ਨੂੰ ਮਹਾਰਾਣੀ ਦੇ ਸਕੌਟਲੈਂਡ ਵਿਚ ਬਾਲਮੋਰਲ ਅਸਟੇਟ ਵਿਖੇ ਮਹਾਰਾਣੀ ਨਾਲ ਮੁਲਾਕਾਤ ਪਿੱਛੋਂ ਬਰਤਾਨੀਆ ਦੀ ਰਸਮੀ ਰੂਪ ਵਿਚ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਸੱਤਾਧਾਰੀ ਕੰਸਰਵੇਟਿਵ ਪਾਰਟੀ ਵਲੋਂ ਪਾਰਟੀ ਮੈਂਬਰਾਂ ਵਿਚ ਸਖਤ ਵੋਟਿੰਗ ਪਿੱਛੋਂ ਟ੍ਰਸ ਦੇ ਉਸ ਦੀ ਨੇਤਾ ਚੁਣੇ ਜਾਣ ਤੋਂ ਇਕ ਦਿਨ ਪਿੱਛੋਂ ਸੱਤਾ ਦਾ ਤਬਾਦਲਾ ਹੋਇਆ। ਬਰਤਾਨੀਆ ਦੇ ਇਤਿਹਾਸ ਵਿਚ ਟ੍ਰੱਸ ਤੀਸਰੀ ਔਰਤ ਪ੍ਰਧਾਨ ਮੰਤਰੀ ਹੈ ਅਤੇ 6 ਸਾਲਾਂ ਵਿਚ ਚੌਥੀ ਕੰਸਰਵੇਟਿਵ ਪ੍ਰਧਾਨ ਮੰਤਰੀ ਹੈ। ਟ੍ਰਸ ਬਾਰੇ ਹੋਰ ਮਜ਼ੇਦਾਰ ਤੱਥ ਹੈ ਕਿ ਛੋਟੀ ਉਮਰੇ ਟ੍ਰੱਸ ਨੇ ਬਰਨਬੀ ਦੇ ਪਾਰਕਰੇਸਟ ਐਲੀਮੈਂਟਰੀ ਸਕੂਲ ਵਿਚ ਇਕ ਸਾਲ ਪੜ੍ਹਾਈ ਕੀਤੀ ਸੀ ਜਦਕਿ ਉਸ ਦਾ ਗਣਿਤ ਸ਼ਾਸਤਰੀ ਪਿਤਾ ਜੌਹਨ ਟ੍ਰੱਸ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਵਿਚ ਕੰਮ ਕਰਦਾ ਸੀ। ਕੈਨੇਡਾ ਡੇਅ 2018 ਵਿਚ ਟ੍ਰੱਸ ਨੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਆਪਣੀ ਕਲਾਸ ਦੀ ਤਸਵੀਰ ਪੋਸਟ ਕੀਤੀ ਸੀ ਅਤੇ ਕਿਹਾ ਕਿ ਉਸ ਨੇ 30 ਸਾਲ ਪਹਿਲਾਂ ਇਕ ਸਾਲ ਕੈਨੇਡਾ ਵਿਚ ਗੁਜ਼ਾਰਿਆ ਸੀ ਜਿਸ ਨੇ ਉਸ ਦਾ ਜਿੰਦਗੀ ਪ੍ਰਤੀ ਨਜ਼ਰੀਆ ਬਦਲ ਦਿੱਤਾ। ਟ੍ਰੱਸ ਨੇ ਦੇਸ਼ ਦੀ ਉਸ ਸਮੇਂ ਸੱਤਾ ਸੰਭਾਲੀ ਜਦੋਂ ਦੇਸ਼ ਰਹਿਣ ਸਹਿਣ ਦੀ ਬਹੁਤ ਜ਼ਿਆਦਾ ਲਾਗਤ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

# ਬੀਸੀਜੀਈਯੂ ਦਾ ਵਿਕਟੋਰੀਆ ਨਾਲ 14 ਫ਼ੀਸਦੀ ਤਨਖਾਹ ਵਾਧੇ ਬਾਰੇ ਆਰਜ਼ੀ ਸਮਝੌਤਾ

ਵੈਨਕੂਵਰ-ਬੀਸੀ ਜਨਕਲ ਇੰਪਲਾਈਜ਼ ਯੂਨੀਅਨ ਨਾਲ ਬੁੱਧਵਾਰ ਆਰਜ਼ੀ ਸਮਝੌਤਾ ਹੋਣ ਪਿੱਛੋਂ ਜਨਤਕ ਖੇਤਰ ਦੇ 300000 ਤੋਂ ਵੀ ਵੱਧ ਹੋਰ ਵਰਕਰਾਂ ਲਈ ਸਮਝੌਤੇ ਦਾ ਪੈਟਰਨ ਤਹਿ ਹੋਣ ਦੀ ਬਹੁਤ ਸੰਭਾਵਨਾ ਹੈ। ਵੇਜ ਸਮਝੌਤਾ ਤਿੰਨ ਸਾਲ ਦੇ ਇਕਰਾਰਨਾਮੇ ਦੌਰਾਨ ਮਹਿੰਗਾਈ 'ਤੇ ਨਿਰਭਰ ਕਰੇਗਾ। ਤਿੰਨ ਸਾਲਾ ਸਮਝੌਤਾ ਪ੍ਰਤੀ ਘੰਟਾ 25 ਫ਼ੀਸਦੀ ਪ੍ਰਤੀ ਘੰਟਾ ਤਨਖਾਹ ਵਿਚ ਵਾਧਾ ਮੁਹੱਈਆ ਕਰਦਾ ਹੈ ਅਤੇ ਇਹ ਵਾਧਾ 3.24 ਫ਼ੀਸਦੀ ਤਕ ਹੋਵੇਗਾ ਅਤੇ ਅਪ੍ਰੈਲ ਤੋਂ ਲਾਗੂ ਹੋਵੇਗਾ। ਦੂਸਰੇ ਸਾਲ ਵਿਚ ਮਹਿੰਗਾਈ ਦੀ ਦਰ 'ਤੇ ਨਿਰਭਰ ਕਰੇਗਾ ਅਤੇ ਵਰਕਰ 5.5 ਤੋਂ 6.75 ਫ਼ੀਸਦੀ ਤਕ ਤਨਖਾਹ ਵਿਚ ਵਾਧਾ ਪ੍ਰਾਪਤ ਕਰਨਗੇ। ਤੀਸਰੇ ਸਾਲ ਵਿਚ ਮਹਿੰਗਾਈ ਆਧਾਰਤ ਤਨਖਾਹ ਵਿਚ ਵਾਧਾ ਦੋ ਤੋਂ ਤਿੰਨ ਫ਼ੀਸਦੀ ਹੋਵੇਗਾ। ਤਿੰਨ ਸਾਲਾਂ ਵਿਚ ਤਨਖਾਹ ਵਿਚ ਕੁਲ ਵਾਧਾ 14 ਫ਼ੀਸਦੀ ਤੋਂ ਜ਼ਿਆਦਾ ਹੋਵੇਗਾ ਜਿਹੜਾ 11 ਫ਼ੀਸਦੀ ਤੋਂ ਵੱਧ ਹੈ ਜਿਸ ਨੂੰ ਇਸ ਤੋਂ ਪਹਿਲਾਂ ਬੀਸੀਜੀਈਯੂ ਰੱਦ ਕਰ ਚੁੱਕੀ ਹੈ। ਇਹ ਉਨ੍ਹਾਂ ਦੀ ਮਹਿੰਗਾਈ ਨੂੰ ਮਾਨਤਾ ਦੇਣ ਦੀ ਮੰਗ ਦਾ ਜਵਾਬ ਵੀ ਜਿਹੜੀ ਕੈਨੇਡਾ ਵਿਚ ਚਾਰ ਦਹਾਕਿਆਂ ਦੀ ਸਭ ਤੋਂ ਉੱਚੀ ਸਾਲਾਨਾ 7.6 ਫ਼ੀਸਦੀ ਦੀ ਦਰ ਨਾਲ ਚਲ ਰਹੀ ਹੈ। ਬੀਸੀ ਵਿਚ ਜਨਤਕ ਖੇਤਰ ਦੇ 300000 ਵਰਕਰਾਂ ਨੂੰ ਵੀ ਇਸ ਸਾਲ ਸਮਝੌਤੇ 'ਤੇ ਪਹੁੰਚਣ ਦੀ ਲੋੜ ਹੈ ਜਿਨ੍ਹਾਂ ਵਿਚ ਇਕ ਲੱਖ ਨਰਸਾਂ ਤੇ ਅਧਿਆਪਕ ਹਨ।









# ਸਸਕੈਚਵਨ 'ਚ ਚਾਕੂ ਮਾਰ ਕੇ ਕਈਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਭਗੌੜੇ ਦੋਸ਼ੀ ਦੀ ਮੌਤ

(ਸਫ਼ਾ 1 ਦੀ ਬਾਕੀ)

ਆਰਸੀਐਮਪੀ ਨੇ ਦੱਸਿਆ ਕਿ ਸੈਂਡਰਸਨ ਨੂੰ ਸਸਕਾਟੂਨ ਵਿਚ ਰੋਸਥਰਨ ਨੇੜੇ ਸ਼ਾਮ 3.30 ਵਜੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਪੁਲਿਸ ਐਤਵਾਰ ਸਵੇਰ ਤੋਂ ਉਸ ਦੀ ਭਾਲ ਕਰ ਰਹੀ ਸੀ। ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਰੋਂਡਾ ਬਲੈਕਮੋਰ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਜਾਣ ਪਿੱਛੋਂ ਸੈਂਡਰਸਨ ਬੇਹੋਸ਼ ਹੋ ਗਿਆ। ਪੁਲਿਸ ਨੇ ਐਮਰਜੈਂਸੀ ਮੈਡੀਕਲ ਸੇਵਾਵਾਂ ਨੂੰ ਇਲਾਜ ਲਈ ਬੁਲਾਇਆ ਅਤੇ ਉਸ ਨੂੰ ਸਸਕਾਟੂਨ ਵਿਚ ਇਕ ਹਸਪਤਾਲ ਨੂੰ ਐਂਬੂਲੈਂਸ ਰਾਹੀਂ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਐਮਰਜੈਂਸੀ ਮੈਡੀਕਲ ਸੇਵਾਵਾਂ ਪਹੁੰਚਣ ਤੋਂ ਪਹਿਲਾਂ ਅਧਿਕਾਰੀਆਂ ਨੇ ਜਿੰਦਗੀ ਬਚਾਉਣ ਦੇ ਉਪਾਅ ਕੀਤੇ। ਸਹਾਇਕ ਕਮਿਸ਼ਨਰ ਬਲੈਕਮੋਰ ਨੇ ਕਿਹਾ ਕਿ ਸਾਡਾ ਸੂਬਾ ਹੁਣ ਰਾਹਤ ਦਾ ਸਾਹ ਲੈ ਰਿਹਾ ਹੈ ਕਿਉਂਕਿ ਮਾਈਲਸ ਸੈਂਡਰਸਨ ਹੁਣ ਜਿਉਂਦਾ ਨਹੀਂ ਰਿਹਾ। ਉਹ ਇਸ ਗੱਲ ਦੀ ਪੁਸ਼ਟੀ ਕਰ ਸਕਦੀ ਹੈ ਕਿ ਉਹ ਹੁਣ ਖ਼ਤਰਾ ਨਹੀਂ ਰਿਹਾ ਅਤੇ ਇਸ ਜਾਂਚ ਦੇ ਸਬੰਧ ਵਿਚ ਜਨਤਾ ਨੂੰ ਕੋਈ ਖ਼ਤਰਾ ਨਹੀਂ।

## ਸਸਕੈਚਵਨ ਆਰਸੀਐਮਪੀ ਨੇ ਵੀ ਕੀਤੀ ਪੁਸ਼ਟੀ

ਸਸਕੈਚਵਨ ਆਰਸੀਐਮਪੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸੈਂਡਰਸਨ ਦੀ ਹਿਰਾਸਤ ਵਿਚ ਲਏ ਜਾਣ ਤੋਂ ਥੋੜੀ ਦੇਰ ਬਾਅਦ ਮੌਤ ਹੋ ਗਈ। ਉਸ ਨੂੰ ਹਿਰਾਸਤ ਵਿਚ ਲਏ ਜਾਣ ਪਿੱਛੋਂ ਉਸ ਦੀ ਕਾਰ ਵਿਚੋਂ ਇਕ ਚਾਕੂ ਵੀ ਬਰਾਮਦ ਕੀਤਾ ਗਿਆ ਸੀ। ਗਲੋਬਲ ਨਿਊਜ਼ ਨੇ ਸਭ ਤੋਂ ਪਹਿਲਾਂ ਕਈ ਲਾਅ ਇਨਫੋਰਸਮੈਂਟ ਸੂਤਰਾਂ ਦੇ ਹਵਾਲੇ ਨਾਲ ਸੈਂਡਰਸਨ ਦੀ ਮੌਤ ਦੀ ਖ਼ਬਰ ਦਿੱਤੀ ਜਿਨ੍ਹਾਂ ਦਾ ਵਿਸ਼ਵਾਸ਼ ਹੈ ਕਿ ਉਸ ਦੀ ਮੌਤ ਉਸ ਵਲੋਂ ਆਪਣੇ ਲਗਾਈਆਂ ਸੱਟਾਂ ਕਾਰਨ ਹੋਈ ਹੈ ਪਰ ਆਰਸੀਐਮਪੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।



## 10 ਵਿਅਕਤੀਆਂ ਦੀ ਹਮਲੇ ਵਿਚ ਹੋਈ ਸੀ ਮੌਤ

ਸੈਂਡਰਸਨ ਵਲੋਂ ਕੀਤੇ ਹਮਲਿਆਂ ਵਿਚ 10 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 18 ਵਿਅਕਤੀ ਜ਼ਖ਼ਮੀ ਹੋਏ ਸਨ। ਸੈਂਡਰਸਨ ਦਾ ਭਰਾ ਡੇਮੀਅਨ ਸੈਂਡਰਸਨ ਵੀ ਹਮਲਿਆਂ ਦੇ ਸਬੰਧ ਵਿਚ ਲੋੜੀਂਦਾ ਸੀ ਪਰ ਉਸ ਦੀ ਲਾਸ਼ ਮਿਲੀ ਸੀ। ਉਹ ਅਤੇ ਇਕ ਨੂੰ ਛੱਡ ਕੇ ਬਾਕੀ ਸਾਰੇ ਵਿਅਕਤੀ ਜੇਮਸ ਸਮਿਥ ਕਰੀ ਨੇਸ਼ਨ ਵਿਚ ਮ੍ਰਿਤਕ ਪਾਏ ਗਏ। ਇਹ ਰੇਜੀਨਾ ਤੋਂ ਲਗਪਗ 300 ਕਿਲੋਮੀਟਰ ਦੂਰ ਸਥਿਤ ਇਕ ਛੋਟੀ ਜਿਹੀ ਕਮਿਊਨਿਟੀ ਦਾ ਇਲਾਕਾ ਹੈ। ਆਰਸੀਐਮਪੀ ਤੇ ਅਦਾਲਤੀ ਦਸਤਾਵੇਜ਼ਾਂ ਮੁਤਾਬਿਕ ਦੋਵੇਂ ਭਰਾ ਫਸਟ ਨੇਸ਼ਨ ਦੇ ਮੈਂਬਰ ਸਨ। ਇਕ ਵਿਅਕਤੀ ਦੀ ਲਾਸ਼ ਵੇਲਡਨ ਕਸਬੇ ਨੇੜਿਓਂ ਮਿਲੀ ਸੀ। ਇਸ ਹਫ਼ਤੇ ਦੇ ਸ਼ੁਰੂ ਵਿਚ ਆਰਸੀਐਮਪੀ ਨੇ ਮਾਈਲਸ ਸੈਂਡਰਸਨ ਖਿਲਾਫ ਫਸਟ ਡਿਗਰੀ ਕਤਲ ਦੇ ਤਿੰਨ ਦੋਸ਼ ਲਗਾਏ ਸਨ। ਉਸ ਦੇ ਭਰਾ ਸਮੇਤ ਉਸ ਦੇ ਹੋਰ ਮੌਤਾਂ ਵਿਚ ਸ਼ਾਮਿਲ ਹੋਣ ਦਾ ਸ਼ੱਕ ਹੈ। ਅਧਿਕਾਰੀਆਂ ਨੂੰ ਬੁੱਧਵਾਰ ਸ਼ਾਮ 2.07 ਵਜੇ ਵਾਕਵਾ ਨੇੜੇ ਇਕ ਵਿਅਕਤੀ ਦੇ ਘਰ ਵਿਚ ਦਾਖਲ ਹੋਣ ਬਾਰੇ ਰਿਪੋਰਟ ਮਿਲੀ ਸੀ। ਫੋਨ ਕਰਨ ਵਾਲੇ ਨੇ ਦੱਸਿਆ ਕਿ ਸੈਂਡਰਸਨ ਘਰ ਦੇ ਬਾਹਰ ਖੜਾ ਹੈ ਅਤੇ ਚਾਕੂ ਨਾਲ ਲੈਸ ਹੈ। ਸੈਂਡਰਸਨ ਚੋਰੀ ਦੀ ਕਾਰ ਚਿੱਟੇ ਰੰਗ ਦੀ ਸ਼ੈਵਰਲੇਟ ਅਵਾਲੈਂਚ ਵਿਚ ਫਰਾਰ ਹੋ ਗਿਆ। ਸਹਾਇਕ ਕਮਿਸ਼ਨਰ ਬਲੈਕਮੋਰ ਨੇ ਦੱਸਿਆ ਕਿ ਮਕਾਨ ਮਾਲਕ ਸਰੀਰਕ ਤੌਰ 'ਤੇ ਜ਼ਖ਼ਮੀ ਨਹੀਂ ਹੋਇਆ ਅਤੇ ਆਰਸੀਐਮਪੀ ਨੇ ਫਿਰ ਐਮਰਜੈਂਸੀ ਅਲਰਟ ਜਾਰੀ ਕੀਤਾ ਜਿਸ ਦੇ ਸਿੱਟੇ ਵਜੋਂ ਪੁਲਿਸ ਨੂੰ ਅਵਾਲੈਂਚ ਸੰਭਾਵਤ ਤੌਰ 'ਤੇ ਦੇਖੇ ਜਾਣ ਬਾਰੇ 20 ਫੋਨ ਕਾਲਾਂ ਆਈਆਂ। ਆਰਸੀਐਮਪੀ ਨੇ ਅਫਸਰ ਨੇ ਕਾਰ ਨੂੰ 150 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾਂਦੇ ਹੋਏ ਦੇਖਿਆ। ਉਹ ਜਿਸ ਰਫ਼ਤਾਰ ਨਾਲ ਕਾਰ ਚਲਾ ਰਿਹਾ ਸੀ ਉਸ ਤੋਂ ਸੰਕੇਤ ਮਿਲ ਰਿਹਾ ਸੀ ਕਿ ਕੋਈ ਵਿਅਕਤੀ ਬਚਣ ਲਈ ਬੇਤਾਬ ਹੈ। ਉਸ ਦੀ ਭਾਲ ਰੋਸਦਰਨ ਦੇ ਦੱਖਣ ਵਿਚ ਖਤਮ ਹੋਈ ਜਦੋਂ ਉਸ ਦੀ ਕਾਰ ਖਾਈ ਵਿਚ ਡਿਗ ਪਈ ਜਿਥੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਛੇਤੀ ਹੀ ਉਸ ਦੀ ਮੌਤ ਹੋ ਗਈ।

# ਸੰਜੇ ਕੁਮਾਰ ਵਰਮਾ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਨਿਯੁਕਤ



ਨਵੀਂ ਦਿੱਲੀ-ਸੀਨੀਅਰ ਡਿਪਲੋਮੈਟ ਸੰਜੈ ਕੁਮਾਰ ਵਰਮਾ ਨੂੰ ਕੈਨੇਡਾ ਵਿਚ ਭਾਰਤ ਦਾ ਅਗਲਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ, ਜਦਕਿ ਅਮਿਤ ਕੁਮਾਰ, ਜੋ ਇਸ ਸਮੇਂ ਅਮਰੀਕਾ ਦੇ ਸ਼ਿਕਾਗੋ ਵਿਚ ਭਾਰਤ ਦੇ ਕੌਂਸਲ ਜਨਰਲ ਵਜੋਂ ਸੇਵਾ ਨਿਭਾਅ ਰਹੇ ਹਨ, ਨੂੰ ਦੱਖਣੀ ਕੋਰੀਆ ਵਿਚ ਅਗਲੇ ਭਾਰਤੀ ਰਾਜਦੂਤ ਵਜੋਂ ਨਿਯੁਕਤ ਕੀਤਾ ਗਿਆ ਹੈ। ਬਿਆਨ ਵਿੱਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸ੍ਰੀ ਵਰਮਾ, ਭਾਰਤੀ ਵਿਦੇਸ਼ ਸੇਵਾ ਦੇ 1988 ਬੈਚ ਦੇ ਅਧਿਕਾਰੀ ਹਨ ਅਤੇ ਮੌਜੂਦਾ ਸਮੇਂ ਵਿੱਚ ਜਾਪਾਨ ਵਿੱਚ ਭਾਰਤ ਦੇ ਰਾਜਦੂਤ ਹਨ। ਉਹ ਜਲਦੀ ਨਵਾਂ ਅਹੁਦਾ ਸੰਭਾਲਣਗੇ।

# ਹੌਰਗਨ ਵਲੋਂ ਮਹਿਗਾਈ ਨੂੰ ਰੋਕਣ ਲਈ 600 ਮਿਲੀਅਨ ਟੈਕਸ...

(ਸਫ਼ਾ 1 ਦੀ ਬਾਕੀ)

ਪਰਿਵਾਰਾਂ ਲਈ ਲਾਗੂ ਹੋਵੇਗਾ। ਕਲਾਈਮੇਟ ਟੈਕਸ ਕ੍ਰੈਡਿਟ ਕਰ ਮੁਕਤ ਮਾਸਕ ਭੁਗਤਾਨ ਹੁੰਦਾ ਹੈ ਜਿਹੜਾ ਘੱਟ ਆਮਦਨ ਵਾਲੇ ਵਿਅਕਤੀਆਂ ਤੇ ਪਰਿਵਾਰਾਂ ਨੂੰ ਉਨ੍ਹਾਂ ਵਲੋਂ ਅਦਾ ਕੀਤੇ ਕਾਰਬਨ ਟੈਕਸਾਂ ਨੂੰ ਆਫਸੈੱਟ ਕਰਨ ਵਿਚ ਮਦਦ ਲਈ ਦਿੱਤਾ ਜਾਂਦਾ ਹੈ। ਯੋਜਨਾ ਤਹਿਤ ਸਾਲ ਵਿਚ 36900 ਡਾਲਰ ਤੋਂ ਵੀ ਘੱਟ ਪੈਸੇ ਕਮਾਉਣ ਵਾਲੇ ਵਿਅਕਤੀ ਨੂੰ ਅਕਤੂਬਰ ਪੇਮੈਂਟ 195 ਤੋਂ ਵਧਾ ਕੇ 358 ਡਾਲਰ ਕਰ ਦਿੱਤੀ ਜਾਵੇਗੀ ਅਤੇ ਫਿਰ ਜਨਵਰੀ ਵਿਚ ਘਟਾ ਕੇ 195 ਡਾਲਰ ਕਰ ਦਿੱਤੀ ਜਾਵੇਗੀ। ਚਾਈਲਡ ਆਪਰਚੂਨਿਟੀ ਫੰਡ 18 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਟੈਕਸ ਮੁਕਤ ਮਾਸਕ ਭੁਗਤਾਨ ਹੁੰਦਾ ਹੈ। 2023 ਦੇ ਪਹਿਲੇ ਤਿੰਨ ਮਹੀਨੇ ਇਹ ਮਾਸਕ ਭੁਗਤਾਨ ਪ੍ਰਤੀ ਬੱਚਾ ਇਕ ਮਹੀਨੇ ਵਿਚ 58 ਡਾਲਰ ਵਧਣਗੇ। ਕਿਸੇ ਨੂੰ ਵੀ ਵਧੇ ਹੋਏ ਕ੍ਰੈਡਿਟ ਤੇ ਫੈਮਿਲੀ ਬੈਨੀਫਿਟ ਲਈ ਅਪਲਾਈ ਕਰਨ ਦੀ ਲੋੜ ਨਹੀਂ ਕਿਉਂਕਿ ਜੇਕਰ ਵਿਅਕਤੀ ਦੀ ਆਮਦਨ ਕਰ ਫਾਈਲਿੰਗ ਅਪ-ਟੂ-ਡੇਟ ਹੈ ਤਾਂ ਆਰਜ਼ੀ ਵਾਧਾ ਆਪਣੇ ਆਪ ਮਿਲ ਜਾਵੇਗਾ। ਹੌਰਗਨ ਨੇ ਦੱਸਿਆ ਕਿ ਕਾਨੂੰਨ ਵਲੋਂ ਇਹ ਗੱਲ ਕਹਿਣ ਕਿ ਕਿਰਾਏ ਵਿਚ ਵਾਧਾ ਸਾਲਾਨਾ ਵਾਧੂ ਮਹਿੰਗਾਈ ਮੁਤਾਬਿਕ ਕੀਤਾ ਜਾਵੇ ਦੇ ਬਾਵਜੂਦ ਬੀਸੀ ਐਨਡੀਪੀ ਨੇ 2023 ਵਿਚ ਕਿਰਾਏ ਵਿਚ ਵਾਧੇ ਨੂੰ 2 ਫ਼ੀਸਦੀ ਤਕ ਸੀਮਤ ਕਰਨ ਦਾ ਫ਼ੈਸਲਾ ਕੀਤਾ ਹੈ। ਮੌਜੂਦਾ ਸਮੇਂ ਬੀਸੀ ਵਿਚ ਲਗਪਗ 15 ਲੱਖ ਲੋਕ ਕਿਰਾਏ 'ਤੇ ਰਹਿੰਦੇ ਹਨ। ਬੀਸੀ ਦੇ 3300 ਘਰ ਮਾਲਕਾਂ ਦੇ ਬੁਲਾਰੇ ਨੇ ਕਿਰਾਏ ਵਿਚ ਵਾਧੇ ਨੂੰ 2 ਫ਼ੀਸਦੀ ਤਕ ਸੀਮਤ ਕਰਨ ਦੇ ਫ਼ੈਸਲੇ ਨੂੰ ਚਿੰਤਾ ਵਾਲਾ ਤੇ ਨਿਰਾਸ਼ਾਜਨਕ ਆਖਿਆ ਹੈ। ਲੈਂਡਲਾਰਡ ਬੀਸੀ ਦੇ ਚੀਫ ਐਗਜ਼ੈਕਟਿਵ ਅਫਸਰ ਡੇਵਿਡ ਹਟਨਿਆਕ ਨੇ ਕਿਹਾ ਕਿ ਲੈਂਡਲਾਰਡਜ਼ ਵੀ ਬੀਸੀ ਵਾਸੀਆਂ ਵਾਂਗ ਵਧ ਰਹੇ ਖਰਚਿਆਂ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਇਮਾਰਤਾਂ ਦੀ ਬੀਮਾ ਲਾਗਤ, ਪ੍ਰਾਪਰਟੀ ਟੈਕਸ ਤੇ ਯੂਟਿਲਟੀਜ਼ ਲਾਗਤਾਂ ਵਧ ਰਹੀਆਂ ਹਨ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਸਾਬਕਾ ਮੰਤਰੀ ਧਰਮਸੋਤ ਤਿੰਨ ਮਹੀਨਿਆਂ ਬਾਦ ਜੇਲ੍ਹ 'ਚੋਂ ਬਾਹਰ ਆਏ

ਨਾਭਾ-ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਲਗਭਗ ਤਿੰਨ ਮਹੀਨਿਆਂ ਮਗਰੋਂ ਨਿਆਂਇਕ ਹਿਰਾਸਤ ਵਿੱਚੋਂ ਬਾਹਰ ਆਏ। ਕਾਂਗਰਸੀ ਆਗੂ ਦਾ ਸਮਰਥਕਾਂ ਨੇ ਢੋਲ ਵਜਾ ਕੇ ਅਤੇ ਹਾਰ ਪਾ ਕੇ ਸੁਆਗਤ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਇਸ ਔਖੇ ਸਮੇਂ ਨੇ ਉਨ੍ਹਾਂ ਨੂੰ ਬਹੁਤ ਕੁਝ ਸਿਖਾਇਆ ਹੈ। ਖਾਸ ਕਰਕੇ ਜੇਲ੍ਹ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਆਪਣੇ-ਬੇਗਾਨਿਆਂ ਦੀ ਪਛਾਣ ਹੋਈ ਹੈ।



ਧਰਮਸੋਤ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਮਾਤਮਾ ਅਤੇ ਦੇਸ਼ ਦੇ ਕਾਨੂੰਨ 'ਤੇ ਪੂਰਾ ਭਰੋਸਾ ਹੈ ਕਿ ਉਹ ਇਸ ਮਾਮਲੇ ਵਿੱਚੋਂ ਬਾਇੱਜ਼ਤ ਬਰੀ ਹੋਣਗੇ। ਧਰਮਸੋਤ ਜੇਲ੍ਹ ਵਿੱਚੋਂ ਰਿਹਾਅ ਹੋਣ ਮਗਰੋਂ ਸਭ ਤੋਂ ਪਹਿਲਾਂ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣ ਗਏ। ਜ਼ਿਕਰਯੋਗ ਹੈ ਕਿ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵਿਜੀਲੈਂਸ ਵਿਭਾਗ ਨੇ ਪੈਸੇ ਲੈ ਕੇ ਰੁੱਖ ਕਟਵਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਇੱਕ ਦੇਸ਼, ਇੱਕ ਭਾਸ਼ਾ' ਦੇ ਵਿਚਾਰ ਦਾ ਸਮਰਥਨ ਕਰਨ ਕਾਰਨ ਵਿਵਾਦਾਂ ਵਿੱਚ ਘਿਰੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਆਪਣਾ ਪੱਖ ਨਵੇਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਰਾਹੀਂ ਰੱਖਿਆ ਹੈ। ਅੱਠ ਮਿੰਟ 27 ਸੈਕਿੰਡ ਦੀ ਵੀਡੀਓ ਵਿੱਚ ਗੁਰਦਾਸ ਮਾਨ ਕੁੱਝ ਲੋਕਾਂ ਵਿੱਚ ਘਿਰੇ ਹੋਏ ਹਨ, ਜਿਨ੍ਹਾਂ ਨੂੰ ਉਹ ਆਪਣੇ ਬਿਆਨ ਬਾਰੇ ਸਪਸ਼ਟੀਕਰਨ ਦਿੰਦੇ ਨਜ਼ਰ ਆਉਂਦੇ ਹਨ। ਗੀਤ ਵਿੱਚ ਮਾਨ ਨੇ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਅਜਿਹੇ ਮੁਸ਼ਕਲ ਦੌਰ ਵਿੱਚ ਉਸ ਦਾ ਸਮਰਥਨ ਕੀਤਾ ਸੀ।

# ਸੁਪਰੀਮ ਕੋਰਟ ਵੱਲੋਂ ਮਹਾਰਾਜਾ ਹਰਿੰਦਰ ਸਿੰਘ ਦੀ ਵਸੀਹਤ ਗੈਰ ਕਨੂੰਨੀ ਕਰਾਰ

## ਹਜ਼ਾਰਾਂ ਕਰੋੜ ਦੀ ਜਾਇਦਾਦ ਧੀਆਂ ਤੇ ਭਰਾ ਨੂੰ ਵੰਡਣ ਦੇ ਆਦੇਸ਼

ਫ਼ਰੀਦਕੋਟ-ਦੇਸ਼ ਦੀ ਸਰਬ-ਉੱਚ ਅਦਾਲਤ ਨੇ ਅੱਜ ਇੱਕ ਅਹਿਮ ਫ਼ੈਸਲੇ ਵਿੱਚ ਫ਼ਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਵੱਲੋਂ ਚਾਰ ਦਹਾਕੇ ਪਹਿਲਾਂ ਰਿਆਸਤ ਦੀ ਹਜ਼ਾਰਾਂ ਕਰੋੜ ਦੀ ਜਾਇਦਾਦ ਦੀ ਸਾਂਭ-ਸੰਭਾਲ ਲਈ ਲਿਖੀ ਗਈ ਸ਼ਾਹੀ ਵਸੀਅਤ ਨੂੰ ਗੈਰ-ਕਾਨੂੰਨੀ ਅਤੇ ਸ਼ੱਕੀ ਮੰਨਦਿਆਂ ਰੱਦ ਕਰ ਦਿੱਤਾ ਹੈ ਅਤੇ ਇਸ ਵਸੀਅਤ ਦੇ ਆਧਾਰ 'ਤੇ ਸਥਾਪਤ ਕੀਤੇ ਗਏ ਮਹਾਰਾਵਲ ਖੇਵਾ ਜੀ ਟਰੱਸਟ ਨੂੰ ਵੀ ਭੰਗ ਕਰ ਦਿੱਤਾ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਆਪਣੇ ਹੁਕਮ ਵਿੱਚ ਕਿਹਾ ਹੈ ਕਿ 30 ਸਤੰਬਰ, 2022 ਤੋਂ ਬਾਅਦ ਮਹਾਰਾਵਲ ਖੇਵਾ ਜੀ ਟਰੱਸਟ ਸ਼ਾਹੀ ਜਾਇਦਾਦਾਂ ਦੀ ਸਾਂਭ-ਸੰਭਾਲ ਵਿੱਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕਰੇਗਾ। ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਸਿਵਲ ਜੱਜ ਨੂੰ ਆਦੇਸ਼ ਦਿੱਤੇ ਹਨ ਕਿ ਰਾਜਾ ਹਰਿੰਦਰ ਸਿੰਘ ਦੀ ਕੁੱਲ ਜਾਇਦਾਦ ਉਸ ਦੀਆਂ ਧੀਆਂ ਅੰਮ੍ਰਿਤ ਕੌਰ ਤੇ ਦੀਪਇੰਦਰ ਕੌਰ ਅਤੇ ਭਰਾ ਕੰਵਰ ਮਨਜੀਤ ਸਿੰਘ ਨੂੰ ਵੰਡੀ ਜਾਵੇ। ਰਾਜਾ ਹਰਿੰਦਰ ਸਿੰਘ ਨੇ ਆਪਣੀ ਵਸੀਅਤ ਵਿੱਚ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਜਾਇਦਾਦ ਦਾ ਕੋਈ ਹੱਕ ਨਹੀਂ ਦਿੱਤਾ ਸੀ, ਜਿਸ 'ਤੇ ਅੰਮ੍ਰਿਤ ਕੌਰ ਨੇ ਇਸ ਵਸੀਅਤ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਸਾਰੀਆਂ ਅਦਾਲਤਾਂ ਨੇ ਅੰਮ੍ਰਿਤ ਕੌਰ ਦੇ ਦਾਅਵੇ ਨੂੰ ਸਹੀ ਮੰਨਦਿਆਂ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਰਾਜਾ ਹਰਿੰਦਰ ਸਿੰਘ ਬਰਾੜ ਵੱਲੋਂ



ਪਹਿਲੀ ਜੂਨ, 1982 ਨੂੰ ਲਿਖੀ ਗਈ ਵਸੀਅਤ ਸ਼ੱਕੀ ਹੈ, ਇਸ ਲਈ ਇਸ ਨੂੰ ਕਾਨੂੰਨ ਮੁਤਾਬਿਕ ਸਹੀ ਨਹੀਂ ਮੰਨਿਆ ਜਾ ਸਕਦਾ। ਅਦਾਲਤ ਦੇ ਇਸ ਫ਼ੈਸਲੇ ਮਗਰੋਂ ਫ਼ਰੀਦਕੋਟ ਰਿਆਸਤ ਦੀ ਜਾਇਦਾਦ ਰਾਜਾ ਹਰਿੰਦਰ ਸਿੰਘ ਬਰਾੜ ਦੇ ਵਾਰਸਾਂ ਵਿੱਚ ਵੰਡੀ ਜਾਣੀ ਤੈਅ ਹੈ। ਰਾਜਾ ਹਰਿੰਦਰ ਸਿੰਘ ਦੀ 16 ਅਕਤੂਬਰ, 1989 ਨੂੰ ਮੌਤ ਹੋ ਗਈ ਸੀ ਅਤੇ ਉਸ ਦੀ ਮੌਤ ਤੋਂ ਦੋ ਦਿਨ ਬਾਅਦ ਇਹ ਵਸੀਅਤ ਜਨਤਕ ਹੋਈ ਸੀ। ਮਾਲ ਵਿਭਾਗ ਨੇ ਇਸ ਵਸੀਅਤ ਦੇ ਆਧਾਰ 'ਤੇ ਰਿਆਸਤ ਦੀ ਕੁੱਲ ਜਾਇਦਾਦ ਮਹਾਰਾਵਲ ਖੇਵਾ ਜੀ ਟਰੱਸਟ ਦੇ ਹਵਾਲੇ ਕਰ ਦਿੱਤੀ ਸੀ ਅਤੇ ਪਿਛਲੇ 33 ਸਾਲ ਤੋਂ ਟਰੱਸਟ ਸ਼ਾਹੀ ਜਾਇਦਾਦਾਂ ਦੀ ਸੰਭਾਲ ਕਰ ਰਿਹਾ ਸੀ, ਜਿਨ੍ਹਾਂ ਵਿੱਚ ਦੋ ਸ਼ਾਹੀ ਕਿਲੇ, ਰਾਜ ਮਹਿਲ, ਸ਼ੀਸ਼ ਮਹਿਲ, ਅਸਲਾ ਖਾਨਾ, ਰੋਲਸ ਰਾਇਸ ਕਾਰਾਂ, ਏਅਰਪੋਰਟ, ਮਿਊਜ਼ੀਅਮ, ਬਲਬੀਰ ਹਸਪਤਾਲ, ਸ਼ਾਹੀ ਲਾਇਬ੍ਰੇਰੀ, ਹੀਰੇ, ਜਵਾਹਰਾਤ, ਕਰੋੜਾਂ ਰੁਪਏ ਦੀਆਂ ਐੱਫਡੀਜ਼, ਬਾਗ਼, ਜੰਗਲ, ਵਾਹੀਯੋਗ ਹਜ਼ਾਰਾਂ ਏਕੜ ਜ਼ਮੀਨ, ਸਦੀ ਪੁਰਾਣੇ ਵਿਦੇਸ਼ੀ ਟਰੈਕਟਰ, ਹਥਿਆਰ, ਮੁੰਬਈ ਦੀ ਚਾਰਟਡ ਬੈਂਕ ਵਿੱਚ ਹੀਰਿਆਂ ਦਾ ਭਰਿਆ ਸੰਦੂਕ ਅਤੇ ਦੇਸ਼ ਭਰ ਵਿੱਚ ਬੇਸ਼ੁਮਾਰ ਕੀਮਤੀ ਇਮਾਰਤਾਂ ਸ਼ਾਮਲ ਹਨ। ਫ਼ਰੀਦਕੋਟ ਰਿਆਸਤ ਦੀ ਕੁੱਲ ਜਾਇਦਾਦ 25 ਹਜ਼ਾਰ ਕਰੋੜ ਤੋਂ ਵੱਧ ਕੀਮਤ ਦੀ ਦੱਸੀ ਜਾ ਰਹੀ ਹੈ। ਫ਼ੈਸਲੇ ਮਗਰੋਂ ਫ਼ਰੀਦਕੋਟ ਵਿੱਚ ਰਾਜ ਮਹਿਲ ਅਤੇ ਕਿਲਾ ਮੁਬਾਰਕ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

# ਬਰਤਾਨੀਆ ਦੀ ਨਵੀਂ ਪ੍ਰਧਾਨ ਮੰਤਰੀ ਲਿਜ ਟਰੱਸ ਨੇ ਨਵਾਂ ਮੰਤਰੀ ਮੰਡਲ ਐਲਾਨਿਆ

ਲੰਡਨ-ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਇਥੇ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟਰੀਟ ਵਿੱਚ ਪਲੇਠੀ ਕੈਬਨਿਟ ਮੀਟਿੰਗ ਕੀਤੀ। ਟਰੱਸ ਨੇ ਹਾਲਾਂਕਿ ਮੀਟਿੰਗ ਤੋਂ ਪਹਿਲਾਂ ਹੀ ਆਪਣੀ ਨਵੀਂ ਕੈਬਨਿਟ ਐਲਾਨ ਦਿੱਤੀ ਸੀ। ਕੈਬਨਿਟ ਵਿੱਚ ਸੰਸਦ ਦੇ ਗੈਰ-ਇਸਾਈ ਘੱਟਗਿਣਤੀ ਮੈਂਬਰਾਂ ਨੂੰ ਅਹਿਮ ਤੇ ਮੂਹਰਲੀ ਕਤਾਰ ਦੇ ਮਹਿਕਮੇ ਦਿੱਤੇ ਗਏ ਹਨ। ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ ਨੂੰ ਗ੍ਰਹਿ ਮੰਤਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ। ਇਸੇ ਤਰ੍ਹਾਂ ਭਾਰਤੀ ਮੂਲ ਦੇ ਇਕ ਹੋਰ ਮੰਤਰੀ ਆਗਰਾ ਵਿੱਚ ਜਨਮੇ ਆਲੋਕ ਸ਼ਰਮਾ ਨੂੰ ਕੋਪ 26 ਦਾ ਪ੍ਰਧਾਨ ਬਣਾਉਂਦਿਆਂ ਮੁੜ ਵਾਤਾਵਰਨ ਨਾਲ ਜੁੜੇ ਮੰਤਰਾਲੇ ਦੀ ਕਮਾਨ ਸੰਭਾਲੀ ਗਈ ਹੈ। ਬੈੱਨ ਵਾਲੇਸ ਨੂੰ ਰੱਖਿਆ ਮੰਤਰੀ ਤੇ ਟੈਰੇਜ਼ਾ ਕੌਫੀ ਨੂੰ ਉਪ ਪ੍ਰਧਾਨ ਮੰਤਰੀ ਦੇ ਨਾਲ ਸਿਹਤ ਰਾਜ ਮੰਤਰੀ ਦਾ ਅਹੁਦਾ ਦਿੱਤਾ ਗਿਆ ਹੈ। ਸ੍ਰੀਲੰਕਨ ਤੇ ਭਾਰਤੀ ਮੂਲ ਦੀ ਲੰਡਨ ਵਿੱਚ ਜਨਮੀ ਜੂਨੀਅਰ ਮੰਤਰੀ ਰਨਿਲ ਜੈਵਰਧਨੇ ਨੂੰ ਤਰੱਕੀ ਦੇ ਕੇ ਵਾਤਾਵਰਨ, ਖ਼ੁਰਾਕ ਤੇ ਗ੍ਰਾਮੀਣ



ਮਾਮਲਿਆਂ ਬਾਰੇ ਰਾਜ ਮੰਤਰੀ ਲਾਇਆ ਗਿਆ ਹੈ। ਵਿਦੇਸ਼ ਮੰਤਰਾਲਾ, ਜੋ ਪਹਿਲਾਂ ਟਰੱਸ ਕੋਲ ਸੀ, ਜੇਮਸ ਕਲੈਵਰਲੀ ਦੀ ਝੋਲੀ ਪਿਆ ਹੈ। ਕਲੈਵਰਲੀ ਦਾ ਸਬੰਧ ਪਿੱਛੋਂ ਸਿਏਰਾ ਲਿਓਨ ਤੋਂ ਹੈ। ਟੋਰੀ ਪਾਰਟੀ ਦੇ ਕਈ ਸੀਨੀਅਰ ਮੈਂਬਰਾਂ, ਜਿਨ੍ਹਾਂ ਕੰਜ਼ਰਵੇਟਿਵ ਆਗੂ ਦੀ ਚੋਣ ਦੌਰਾਨ ਭਾਰਤੀ ਮੂਲ ਦੇ ਸਾਬਕਾ ਵਿੱਤ ਮੰਤਰੀ ਰਿਸ਼ੀ ਸੂਨਕ ਦੀ ਪਿੱਠ ਥਾਪੜੀ ਸੀ, ਨੂੰ ਕੈਬਨਿਟ 'ਚੋਂ ਬਾਹਰ ਰੱਖਿਆ ਗਿਆ ਹੈ। ਕੈਬਨਿਟ ਤੇ ਰਾਜ ਮੰਤਰੀਆਂ ਦੀ ਨਿਯੁਕਤੀ ਦਾ ਅਮਲ ਮੰਗਲਵਾਰ ਨੂੰ ਹੀ ਸ਼ੁਰੂ ਹੋ ਗਿਆ ਸੀ, ਜੋ ਅੱਜ ਟਰੱਸ ਵੱਲੋਂ ਹਾਊਸ ਆਫ਼ ਕਾਮਨਜ਼ ਵਿੱਚ ਕੀਤੇ ਸੰਬੋਧਨ ਤੱਕ ਜਾਰੀ ਰਿਹਾ। ਯੂਕੇ ਦੀ ਨਵੀਂ ਗ੍ਰਹਿ ਮੰਤਰੀ ਬ੍ਰੇਵਰਮੈਨ ਦੀ ਮਾਂ ਤਾਮਿਲ ਮੂਲ ਦੀ ਹੈ ਤੇ ਉਸ ਦੇ ਪਰਿਵਾਰ ਦੀਆਂ ਜੜ੍ਹਾਂ ਮੌਰੀਸ਼ਸ ਵਿਚ ਹਨ। ਇਰਾਕੀ ਮੂਲ ਦੇ ਨਦੀਮ ਜ਼ਾਹਾਵੀ ਨੂੰ ਵੀ ਕੈਬਨਿਟ ਵਿੱਚ ਥਾਂ ਮਿਲੀ ਹੈ। ਬਰੈਂਡਨ ਲੂਈਸ ਨਵੇਂ ਨਿਆਂ ਮੰਤਰੀ ਹੋਣਗੇ। ਪੈਨੀ ਮੋਰਡੌਂਟ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਸਦਨ ਦੇ ਆਗੂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਸੁਪਰੀਮ ਕੋਰਟ ਵੱਲੋਂ ਹਿਜਾਬ ਉਪਰ ਪਾਬੰਦੀ ਨੂੰ ਸਿੱਖ ਕਕਾਰਾਂ ਨਾਲ ਨਾ ਤੁਲਨਾਉਣ ਦੀ ਹਦਾਇਤ

ਨਵੀਂ ਦਿੱਲੀ (ਦਿਓਲ)-ਸੁਪਰੀਮ ਕੋਰਟ ਨੇ ਕਰਨਾਟਕ ਵਿੱਚ ਹਿਜਾਬ 'ਤੇ ਪਾਬੰਦੀ ਮਾਮਲੇ ਦੀ ਸੁਣਵਾਈ ਕਰਦਿਆਂ ਪਟੀਸ਼ਨਰਾਂ ਨੂੰ ਕਿਹਾ ਕਿ ਉਹ ਮੁਸਲਿਮ ਤੇ ਸਿੱਖ ਧਰਮ ਦੀਆਂ ਰਵਾਇਤਾਂ ਨੂੰ ਆਪਸ ਵਿੱਚ ਨਾ ਮੇਲਣ। ਕੋਰਟ ਨੇ ਕਿਹਾ ਕਿ ਮੁਸਲਿਮ ਰਵਾਇਤਾਂ ਨੂੰ ਸਿੱਖੀ ਨਾਲ ਮੇਲਣਾ ਗ਼ੈਰਵਾਜਬ ਹੈ ਕਿਉਂਕਿ ਸਿੱਖ ਧਰਮ ਵੀ ਦੇਸ਼ ਦੇ ਸਭਿਆਚਾਰ ਵਿੱਚ ਉਕਰਿਆ ਹੋਇਆ ਹੈ। ਸੁਪਰੀਮ ਕੋਰਟ, ਸਿੱਖਿਆ ਸੰਸਥਾਨਾਂ ਵਿੱਚ ਹਿਜਾਬ 'ਤੇ ਪਾਬੰਦੀ ਬਾਰੇ ਸੂਬਾ ਸਰਕਾਰ ਦੇ ਫੈਸਲੇ 'ਤੇ ਰੋਕ ਲਾਉਣ ਤੋਂ ਇਨਕਾਰ ਕਰਦੇ ਕਰਨਾਟਕ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਸਿੱਖੀ ਵਿੱਚ ਪੰਜ ਕਕਾਰ- ਕੇਸ, ਕੜਾ, ਕੰਘਾ, ਕਛਹਿਰਾ ਤੇ ਕਿਰਪਾਨ ਪੂਰੀ ਤਰ੍ਹਾਂ ਸਥਾਪਿਤ ਹਨ ਤੇ ਇਨ੍ਹਾਂ ਦੀ ਵਿਲੱਖਣ ਪਛਾਣ ਹੈ। ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਸੁਧਾਂਸ਼ੂ ਧੂਲੀਆ ਨੇ ਇਹ ਟਿੱਪਣੀਆਂ ਅੱਜ ਉਦੋਂ ਕੀਤੀਆਂ ਜਦੋਂ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲ ਨੇ ਆਪਣੀ ਦਲੀਲ ਵਿੱਚ ਸਿੱਖੀ ਤੇ ਪੱਗ ਦੀ ਮਿਸਾਲ ਦਿੱਤੀ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਸੁਪਰੀਮ ਕੋਰਟ ਦੀਆਂ ਟਿਪਣੀਆਂ ਪਿੱਛੋਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਾਮਲਾ ਮੁੜ ਗਰਮਾਇਆ

(ਸਫ਼ਾ 3 ਦੀ ਬਾਕੀ)

ਆਪਣੇ ਹਮਰੁਤਬਾ ਮਨੋਹਰ ਲਾਲ ਖੱਟਰ ਨੂੰ ਮਿਲਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਦੋਵਾਂ ਧਿਰਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਸਮੱਸਿਆ ਦਾ ਹੱਲ ਕੱਢੇ। ਮੀਟਿੰਗਾਂ ਮਹਿਜ਼ ਆਪੋ-ਆਪਣੇ ਵਿਚਾਰ ਦੱਸਣ ਤੱਕ ਸੀਮਤ ਨਾ ਹੋਣ। ਸ੍ਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਦੇ ਅਧਿਕਾਰਾਂ ਵਿੱਚ ਦਖਲ ਦੇ ਕੇ ਆਪਣੇ ਫਰਮਾਨਾਂ ਨੂੰ ਜਬਰੀ ਥੋਪ ਰਹੀ ਹੈ। ਪੰਜਾਬ ਅਤੇ ਹਰਿਆਣਾ ਨੂੰ ਲੜਾਉਣ ਦੀ ਥਾਂ ਪਾਣੀ ਦੀ ਸਮੱਸਿਆ ਦਾ ਨਿਬੇੜਾ ਕੀਤਾ ਜਾਵੇ। ਕੇਂਦਰ ਸਰਕਾਰ ਦੋਵਾਂ ਰਾਜਾਂ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰੇ। ਪੰਜਾਬ ਅਤੇ ਹਰਿਆਣਾ ਵਿੱਚ ਐੱਸਵਾਈਐੱਲ ਸਬੰਧੀ ਪਿਛਲੇ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਇਸ ਦੌਰਾਨ ਹਰਿਆਣਾ ਦੀਆਂ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਵੱਲੋਂ ਪਾਣੀ 'ਤੇ ਆਪਣਾ ਹੱਕ ਜਤਾਇਆ ਜਾ ਰਿਹਾ ਹੈ। ਜਦੋਂ ਕਿ ਪੰਜਾਬ ਕੋਲ ਵਾਧੂ ਪਾਣੀ ਨਾ ਹੋਣ ਕਰਕੇ ਪੰਜਾਬ ਦੇ ਰਾਜਸੀ ਆਗੂ ਇਸ ਦਾ ਵਿਰੋਧ ਕਰ ਰਹੇ ਹਨ। ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰਧੀਨ ਹੈ। ਸੁਪਰੀਮ ਕੋਰਟ ਨੇ ਵੀ ਲੰਘੇ ਦਿਨ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਐੱਸਵਾਈਐੱਲ ਨਹਿਰ ਦੇ ਮਸਲੇ ਦਾ ਦੋਸਤਾਨਾ ਢੰਗ ਨਾਲ ਹੱਲ ਕੱਢਣ ਲਈ ਮਿਲ ਬੈਠ ਕੇ ਗੱਲਬਾਤ ਕਰਨ ਲਈ ਕਿਹਾ ਸੀ। ਸਿਖਰਲੀ ਕੋਰਟ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰਵਾਉਣ ਦੀ ਹਦਾਇਤ ਕਰਦਿਆਂ ਚਾਰ ਮਹੀਨੇ ਅੰਦਰ ਪ੍ਰਗਤੀ ਰਿਪੋਰਟ ਮੰਗੀ ਹੈ। ਕੇਸ ਦੀ ਅਗਲੀ ਸੁਣਵਾਈ 19 ਜਨਵਰੀ ਨੂੰ ਹੋਵੇਗੀ।

## ਐਡਮਿੰਟਨ 'ਚ 7ਵਾਂ ਸ਼ਾਨਦਾਰ ਕਬੱਡੀ ਕੱਪ ਆਯੋਜਿਤ

ਐਡਮਿੰਟਨ-ਅਲਬਰਟਾ ਦੀ ਰਾਜਧਾਨੀ ਐਡਮਿੰਟਨ ਵਿਖੇ ਨੈਸ਼ਨਲ ਕਬੱਡੀ ਫ਼ੈਡਰੇਸ਼ਨ ਆਫ਼ ਕੈਨੇਡਾ ਬੈਨਰ ਹੇਠ ਅਲਬਰਟਾ ਪੰਜਾਬੀ ਸਪੋਰਟਸ ਕਲੱਬ ਐਂਡ ਕਲਚਰਲ ਐਸੋਸੀਏਸ਼ਨ ਵੱਲੋਂ ਨਾਮਵਾਰ ਸਵਰਗੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਸਮਰਪਿਤ 7ਵਾਂ 'ਅਲਬਰਟਾ ਕਬੱਡੀ ਕੱਪ ਜੌਹਨ ਬਾਰਨਿਟ ਸਕੂਲ ਦੇ ਮੈਦਾਨਾਂ ਵਿਚ ਕਰਵਾਇਆ ਗਿਆ। ਇਸ ਮੌਕੇ ਮਰਹੂਮ ਖਿਡਾਰੀ ਨੂੰ ਸ਼ਰਧਜਾਂਲੀ ਦਿੱਤੀ ਗਈ। ਇਸ ਮੌਕੇ ਕਬੱਡੀ ਖਿਡਾਰੀਆਂ ਦੀ ਵਧੀਆ ਖੇਡ ਦੀ ਹੌਸਲਾ ਅਫਜ਼ਾਈ ਕਰਦਿਆਂ ਖੇਡ ਪ੍ਰੇਮੀਆਂ ਨੇ ਡਾਲਰਾਂ ਦਾ ਮੀਂਹ ਵਰ੍ਹਾ ਦਿੱਤਾ। ਸਾਰੀਆਂ ਹੀ ਟੀਮਾਂ ਵਿਚ ਵਿਸ਼ਵ ਪ੍ਰਸਿੱਧ ਪੰਜਾਬ ਮੂਲ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਫਾਈਨਲ ਮੁਕਾਬਲੇ ਬੜੇ ਹੀ ਫਸਵੇਂ ਤੇ ਰੌਚਕ ਸਨ। ਹਰਜੀਤ ਬਾਜਾਖਾਨਾ ਕਬੱਡੀ ਕਲੱਬ, ਯੂਥ ਕਬੱਡੀ ਕਲੱਬ, ਸਰੀ ਸਪੋਰਟਬ ਕਬੱਡੀ ਕਲੱਬ ਅਤੇ ਐਬਸਫੋਰਟ (ਐਬੀ) ਕਬੱਡੀ ਕਲੱਬ ਨੇ ਦੇ ਖਿਡਾਰੀਆਂ ਨੇ ਵੀ ਚੰਗਾ ਪ੍ਰਦਰਸ਼ਨ ਕੀਤਾ। ਆਖਰੀ ਮੁਕਾਬਲੇ ਵਿੱਚ ਯੰਗ ਰੋਇਲ ਕਬੱਡੀ ਕਲੱਬ ਨੇ 32 ਅੰਕ ਹਾਸਲ ਕਰਕੇ ਪੰਜਾਬ ਸਪੋਰਟਸ ਕਲੱਬ ਨੂੰ ਮਿਲੇ 26 ਅੰਕਾਂ ਮੁਤਾਬਕ ਸਾਢੇ 5 ਅੰਕਾਂ ਨਾਲ ਮਾਤ ਦੇ ਕੇ ਕੱਪ ਉੱਤੇ ਕਬਜ਼ਾ ਕੀਤਾ। ਸਰਬੋਤਮ ਰੇਡਰ ਗੁਰਲਾਲ ਸੋਹਲ ਅਤੇ ਵਧੀਆ ਜਾਫੀ ਅਰਸ਼ ਚੋਹਲਾ ਸਾਹਿਬ ਨੂੰ ਐਲਾਨਿਆ ਗਿਆ। ਇਨ੍ਹਾਂ ਖਿਡਾਰੀਆਂ ਨੂੰ ਨਕਦ ਇਨਾਮ ਤੇ ਯਾਦਗਾਰੀ ਚਿੰਨ੍ਹ ਦਿੱਤੇ ਗਏ। ਮੈਚਾਂ ਦੀ ਕੁਮੈਂਟਰੀ ਲੱਕੀ ਢਿੱਲੋਂ ਸਮਾਧ ਭਾਈ ਨੇ ਕੀਤੀ। ਪ੍ਰਬੰਧਕ ਧਰਮ ਸਿੰਘ ਉੱਪਲ, ਰਾਣਾ ਧਾਲੀਵਾਲ, ਪਾਲ ਬੋਪਾਰਾਏ, ਲਖਬੀਰ ਅੱਜਲਾ, ਬਲਦੇਵ ਗਿੱਲ ਤੇ ਮਨਦੀਪ ਨੇ ਟੂਰਨਾਮੈਂਟ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਸਪਾਂਸਰਜ਼ ਖੇਡ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਤੋਂ ਇਲਾਵਾ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ।

## ਭਗਵੰਤ ਮਾਨ ਕੇਜਰੀਵਾਲ ਰਾਹੀਂ ਪੰਜਾਬ ਨੂੰ ਵੇਚਣ ਲਈ ਤਿਆਰ-ਸੁਖਬੀਰ ਬਾਦਲ

(ਸਫ਼ਾ 3 ਦੀ ਬਾਕੀ)

ਕੀਤੀ, ਉਹ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਕਦੇ ਇਹ ਸੋਚ ਵੀ ਨਹੀਂ ਸਕਦੇ ਕਿ ਚੁਣਿਆ ਹੋਇਆ ਮੁੱਖ ਮੰਤਰੀ ਇਸ ਤਰੀਕੇ ਦਰਿਆਈ ਪਾਣੀ ਦੇ ਸਕਦਾ ਹੈ। ਭਗਵੰਤ ਮਾਨ ਨੂੰ ਐੱਸ ਵਾਈ ਐੱਲ ਦੇ ਮਾਮਲੇ 'ਤੇ ਹਰਿਆਣਾ ਸਰਕਾਰ ਨਾਲ ਮੀਟਿੰਗ ਨਾ ਕਰਨ ਦੀ ਅਪੀਲ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਗੱਲਬਾਤ ਉਦੋਂ ਹੀ ਕੀਤੀ ਜਾਂਦੀ ਹੈ ਜਦੋਂ ਕੁਝ ਦੇਣਾ ਹੋਵੇ। ਉਨ੍ਹਾਂ ਕਿਹਾ ਕਿ ਗੱਲਬਾਤ ਸਿਰਫ਼ ਇਕ ਰਿਪੇਰੀਅਨ ਸੂਬੇ ਨਾਲ ਹੋ ਸਕਦੀ ਹੈ ਅਤੇ ਹਰਿਆਣਾ ਗ਼ੈਰ-ਰਿਪੇਰੀਅਨ ਸੂਬਾ ਹੈ। ਇਸ ਦਾ ਪੰਜਾਬ ਦੇ ਦਰਿਆਈ ਪਾਣੀਆਂ ਵਿੱਚੋਂ ਹਿੱਸੇ ਦਾ ਕੋਈ ਦਾਅਵਾ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਮਾਨ ਨੇ ਹਰਿਆਣਾ ਵੱਲੋਂ ਚੰਡੀਗੜ੍ਹ ਵਿੱਚ ਨਵੀਂ ਵਿਧਾਨ ਸਭਾ ਲਈ ਵੱਖਰੀ ਥਾਂ ਮੰਗਣ ਦਾ ਵਿਰੋਧ ਨਾ ਕਰ ਕੇ ਪੰਜਾਬ ਦਾ ਕੇਸ ਕਮਜ਼ੋਰ ਕੀਤਾ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਕੀਤੀ ਹੈ ਤੇ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ 2016 ਵਿਚ ਪੰਜਾਬ ਐਸਵਾਈਐਲ ਕੈਨਾਲ ਰਿਹੈਬੀਲੀਟੇਸ਼ਨ ਐਂਡ ਰੀਵੈਸਟਿੰਗ ਆਫ ਪ੍ਰਾਪਰਟੀ ਬਿਲ ਪਾਸ ਕਰ ਕੇ ਐਸਵਾਈਐਲ ਲਈ ਐਕੁਆਇਰ ਕੀਤੀ ਸਾਰੀ ਜ਼ਮੀਨ ਮੁਫ਼ਤ ਵਿਚ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਸੀ। ਸ੍ਰੀ ਬਾਦਲ ਨੇ ਕਿਹਾ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਪੰਜਾਬ ਨੂੰ ਇਸ ਦੇ ਵਾਜਬ ਹੱਕ ਦੇਣ ਤੋਂ ਇਨਕਾਰ ਕੀਤਾ ਹੈ। 1955 ਵਿਚ ਗ਼ੈਰ ਰਿਪੇਰੀਅਨ ਸੂਬਾ ਰਾਜਸਥਾਨ ਨੂੰ ਧੱਕੇ ਨਾਲ ਰਾਵੀ ਬਿਆਸ ਦਾ 8 ਐਮਏਐਫ ਪਾਣੀ ਦੇ ਦਿੱਤਾ ਗਿਆ ਸੀ। ਇਸ ਮਗਰੋਂ ਜਦੋਂ ਇੰਦਰਾ ਗਾਂਧੀ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਸੀ ਤਾਂ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹਰਿਆਣਾ ਨੂੰ ਹੱਕ ਦੇਣ ਵਾਸਤੇ ਜਬਰੀ ਹਸਤਾਖ਼ਰ ਕਰਨ ਵਾਸਤੇ ਮਜਬੂਰ ਕੀਤਾ ਗਿਆ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਐੱਸਵਾਈਐੱਲ ਮੁੱਦੇ ਉੱਤੇ ਉੱਚ ਅਦਾਲਤ ਦੀ ਟਿੱਪਣੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਉੱਚ ਅਦਾਲਤ ਐਮਰਜੈਂਸੀ ਸਮੇਂ ਪੰਜਾਬ ਦੇ ਪਾਣੀਆਂ ਦੀ ਵੰਡ ਲਈ ਸੂਬੇ ਨਾਲ ਹੋਏ ਧੱਕੇ ਅਤੇ ਗ਼ੈਰ-ਸੰਵਿਧਾਨਕ ਫ਼ੈਸਲੇ ਨੂੰ ਆਧਾਰ ਬਣਾਵੇ ਤਾਂ ਹੋਰ ਵੀ ਜ਼ਿਆਦਾ ਉਚਿਤ ਹੋਵੇਗਾ।

WE HAVE MOVED TO BIGGER & BETTER LOCATION
#208-7110-120TH ST, SURREY


ICBC
NO WIN NO FEE
WE DO HOME & HOSPITAL VISITS
Your Lawyers, Because We Care
Criminal Law
Divorce Cases
Immigration Law
Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਰਾਹੁਲ ਦੀ ਅਗਵਾਈ ਹੇਠ ਕਾਂਗਰਸੀ ਨੇਤਾਵਾਂ ਵਲੋਂ ਭਾਰਤ ਜੋੜੋ ਯਾਤਰਾ ਦੀ ਸ਼ੁਰੂਆਤ



ਕੰਨਿਆਕੁਮਾਰੀ (ਤਾਮਿਲਨਾਡੂ)-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਈ ਸੀਨੀਅਰ ਨੇਤਾਵਾਂ ਨਾਲ 'ਭਾਰਤ ਜੋੜੋ' ਯਾਤਰਾ ਦੀ ਰਸਮੀ ਸ਼ੁਰੂਆਤ ਕੀਤੀ। ਪਾਰਟੀ ਇਸ ਯਾਤਰਾ ਨੂੰ ਵਿਸ਼ਾਲ ਜਨ ਸੰਪਰਕ ਮੁਹਿੰਮ ਦੱਸ ਰਹੀ ਹੈ ਅਤੇ ਸੰਗਠਨ ਵਿੱਚ ਜਾਨ ਪਾਉਣ ਦੀ ਉਮੀਦ ਕਰ ਰਹੀ ਹੈ। ਰਾਹੁਲ ਗਾਂਧੀ ਨੇ 118 ਹੋਰ ਭਾਰਤ ਯਾਤਰੀਆਂ ਅਤੇ ਕਈ ਹੋਰ ਸੀਨੀਅਰ ਨੇਤਾਵਾਂ ਨਾਲ ਇਥੇ ਵਿਵੇਕਾਨੰਦ ਪੌਲੀਟੈਕਨਿਕ ਤੋਂ ਪਦਯਾਤਰਾ ਦੀ ਸ਼ੁਰੂਆਤ ਕੀਤੀ। ਪਾਰਟੀ ਨੇ ਰਾਹੁਲ ਸਮੇਤ 119 ਨੇਤਾਵਾਂ ਨੂੰ ਭਾਰਤ ਯਾਤਰੀਆਂ ਦਾ ਨਾਮ ਦਿੱਤਾ ਹੈ, ਜੋ ਪਦਯਾਤਰਾ ਤੇ ਕੰਨਿਆਕੁਮਾਰੀ ਤੋਂ ਕਸ਼ਮੀਰ ਦੀ ਯਾਤਰਾ ਕਰਨਗੇ। ਇਹ ਕੁੱਲ 3570 ਕਿਲੋਮੀਟਰ ਦੀ ਦੂਰੀ ਤੈਅ ਕਰਨਗੇ।ਕੰਨਿਆਕੁਮਾਰੀ-ਭਾਰਤ ਜੋੜੋ ਯਾਤਰਾ ਵਿਚ ਹਿੱਸਾ ਲੈਣ ਵਾਲੇ ਲਗਪਗ 230 ਕਾਂਗਰਸੀ ਪਦਯਾਤਰੀ ਟਰੱਕਾਂ ਤੇ ਸਥਿਤ 60 ਕੰਟੇਨਰਾਂ ਵਿਚ ਰਾਤਾਂ ਗੁਜ਼ਾਰਨਗੇ। ਇਹ ਕੰਟਰੇਨਰ ਰੋਜ਼ਾਨਾ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਏ ਜਾਣਗੇ। ਇਹ ਜਾਣਕਾਰੀ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿੱਤੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਪਾਰਟੀ ਵਰਕਰਾਂ ਵੱਲੋਂ ਸਵੇਰੇ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 3,570 ਕਿਲੋਮੀਟਰ ਦੀ ਪਦਯਾਤਰਾ ਦੀ ਸ਼ੁਰੂਆਤ ਕਰਨ ਤੋਂ ਬਾਅਦ ਰਮੇਸ਼ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਕੰਟੇਨਰ ਹਰ ਰਾਤ ਲਗਪਗ ਦੋ ਏਕੜ ਦੇ ਅਸਥਾਈ ਕੈਂਪਾਂ ਵਿੱਚ ਤਾਇਨਾਤ ਹੋਣਗੇ। ਇਥੇ ਭੋਜਨ ਜਾਂ ਮੀਟਿੰਗਾਂ ਕਰਨ ਦੀ ਕੋਈ ਸਹੂਲਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਟੇਨਰਾਂ ਅੰਦਰ ਕੋਈ ਟੀਵੀ ਨਹੀਂ ਹੈ, ਸਿਰਫ ਇੱਕ ਪੱਖਾ ਹੈ। ਖਾਣੇ ਦੀ ਵਿਵਸਥਾ ਕੈਂਪਿੰਗ ਵਾਲੀ ਥਾਂ 'ਤੇ ਹੋਵੇਗੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸਮੇਤ 119 ਭਾਰਤੀ ਯਾਤਰੀ ਤੇ ਕੁਝ ਮਹਿਮਾਨ ਯਾਤਰੀ ਜੋ 3,570 ਕਿਲੋਮੀਟਰ ਦੀ ਯਾਤਰਾ ਪੂਰੀ ਕਰਨਗੇ, ਇਨ੍ਹਾਂ ਕੰਟੇਨਰਾਂ ਵਿੱਚ ਰਹਿਣਗੇ

# ਵਿੰਨੀਪੈਗ ਵਿਚ ਵਿਸ਼ਾਲ ਨਗਰ ਕੀਰਤਨ

ਵਿੰਨੀਪੈਗ-ਗੁਰਦੁਆਰਾ ਸਿੱਖ ਸੁਸਾਇਟੀ ਆਫ ਮੈਨੀਟੋਬਾ ਵੱਲੋਂ ਲੈਜਿਸਲੈਟਿਵ ਇਮਾਰਤ ਦੇ ਪਾਰਕ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਬਾਅਦ ਦੁਪਹਿਰ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਇਸ ਮੌਕੇ ਰਾਗੀ ਅਤੇ ਢਾਡੀ ਜਥਿਆਂ ਨੇ ਸੰਗਤ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਦਾ ਸੱਦਾ ਦਿੱਤਾ। ਮੇਜਰ ਸਿੰਘ ਖ਼ਾਲਸਾ ਸੁਲਤਾਨਪੁਰ ਲੋਧੀ ਵਾਲਿਆਂ ਦੇ ਜਥੇ ਨੇ ਢਾਡੀ ਵਾਰਾਂ ਗਾਈਆਂ। ਨੀਲੀਆਂ ਅਤੇ ਕੇਸਰੀ ਪੱਗਾਂ ਅਤੇ ਚੁੰਨੀਆਂ ਕਾਰਨ ਵਿੰਨੀਪੈਗ ਸ਼ਹਿਰ ਖਾਲਸਈ ਰੰਗ ਵਿੱਚ ਰੰਗਿਆ ਦਿਖਾਈ ਦੇ ਰਿਹਾ ਸੀ। ਮੈਨੀਟੋਬਾ ਦੇ ਵੱਖ ਵੱਖ ਗਤਕਾ ਅਖਾੜਿਆਂ ਦੇ ਸਿੰਘਾਂ ਅਤੇ ਸਿੰਘਣੀਆਂ ਨੇ ਗਤਕੇ ਦੇ ਜੌਹਰ ਦਿਖਾਏ। ਇਸ ਮੌਕੇ ਖ਼ਾਲਸਾ ਏਡ ਦੇ ਵਾਲੰਟੀਅਰਾਂ ਨੇ ਪਾਕਿਸਤਾਨ ਦੇ ਹੜ੍ਹ ਪੀੜਤ ਲੋਕਾਂ ਲਈ ਫੰਡ ਵੀ ਇਕੱਠਾ ਕੀਤਾ। ਨਗਰ ਕੀਰਤਨ ਦੇ ਰਾਹ ਵਿੱਚ ਸੰਗਤ ਲਈ ਤਰ੍ਹਾਂ-ਤਰ੍ਹਾਂ ਦੇ ਲੰਗਰ ਲਗਾਏ ਗਏ। ਨਗਰ ਕੀਰਤਨ ਵਿੱਚ ਗੈਰ-ਸਿੱਖ ਭਾਈਚਾਰੇ ਦੇ ਲੋਕਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਸਿੱਖ ਸੁਸਾਇਟੀ ਆਫ ਮੈਨੀਟੋਬਾ ਗੁਰਦੁਆਰਾ ਦੇ ਪ੍ਰਧਾਨ ਨੇ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ।

# ਨਿਹੰਗ ਸਿੰਘਾਂ ਵਲੋਂ ਦਰਬਾਰ ਸਾਹਿਬ ਨੇੜੇ ਬੀੜੀ ਪੀਂਦੇ ਨੌਜਵਾਨ ਦਾ ਕਤਲ

ਅੰਮ੍ਰਿਤਸਰ-ਇਥੇ ਥਾਣਾ ਬੀ ਡਿਵੀਜ਼ਨ ਦੇ ਇਲਾਕੇ ਕੋਟ ਮਾਹਣਾ ਸਿੰਘ ਨੇੜੇ ਦਰਬਾਰ ਸਾਹਿਬ ਨੂੰ ਜਾਂਦੇ ਰਸਤੇ ਤੇ ਬੀੜੀ ਪੀਣ ਕਾਰਨ ਹੋਏ ਝਗੜੇ 'ਚ ਨਿਹੰਗ ਸਿੰਘ ਬਾਣੇ ਦੇ ਵਿੱਚ ਦੋ ਵਿਅਕਤੀਆਂ ਸਣੇ ਚਾਰ ਜਣਿਆਂ ਨੇ ਨੌਜਵਾਨ ਦਾ ਕਤਲ ਕਰ ਦਿੱਤਾ। ਇਹ ਸਾਰੀ ਘਟਨਾ ਜਿਸ ਹੋਟਲ ਬਾਹਰ ਹੋਈ ਉਹ ਉਸ ਦੇ ਕੈਮਰਿਆਂ ਵਿੱਚ ਕੈਦ ਹੋ ਗਈ। ਮ੍ਰਿਤਕ ਦੀ ਸ਼ਨਾਖਤ ਹਰਮਨਜੀਤ ਸਿੰਘ (30 ਸਾਲ)ਵਾਸੀ ਪਿੰਡ ਚਾਟੀਵਿੰਡ ਵਜੋਂ ਹੋਈ ਹੈ। ਪੁਲੀਸ ਦਾ ਕਹਿਣਾ ਹੈ ਮੁਲਜ਼ਮਾਂ ਦੀ ਪਛਾਣ ਹੋ ਗਈ ਹੈ ਤੇ ਇਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਅਗਲੀਆਂ ਫੈਡਰਲ ਚੋਣਾਂ ਨਹੀਂ ਲੜੇਗੀ ਬਰਗਨ

ਓਟਵਾ-ਅੰਤਰਿਮ ਕੰਜ਼ਰਵੇਟਿਵ ਆਗੂ ਕੈਂਡਿਸ ਬਰਗਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਨਹੀਂ ਲੜੇਗੀ।ਪਰ ਉਨ੍ਹਾਂ ਇਹ ਵੀ ਆਖਿਆ ਹੈ ਕਿ ਉਹ ਇਸ ਵੀਕੈਂਡ ਪਾਰਟੀ ਦਾ ਨਵਾਂ ਆਗੂ ਚੁਣੇ ਜਾਣ ਤੋਂ ਬਾਅਦ ਐਮਪੀ ਵਜੋਂ ਬਣੀ ਰਹੇਗੀ। ਮੰਗਲਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਬਰਗਨ ਨੇ ਆਖਿਆ ਕਿ ਪੋਰਟੇਜ-ਲਿਸਗਾਰ ਹਲਕਾ ਵਾਸੀਆਂ ਦੀ 14 ਸਾਲ ਤੱਕ ਸੇਵਾ ਕਰਨਾ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਰਹੀ ਹੈ। ਹਾਊਸ ਆਫ ਕਾਮਨਜ਼ ਵਿੱਚ ਉਨ੍ਹਾਂ ਦੀ ਆਵਾਜ਼ ਬਣਨ ਦਾ ਉਸ ਨੂੰ ਮੌਕਾ ਮਿਲਿਆ ਇਸ ਲਈ ਉਹ ਸਾਰਿਆਂ ਦੀ ਬਹੁਤ ਧੰਨਵਾਦੀ ਹੈ।ਉਨ੍ਹਾਂ ਇਹ ਵੀ ਆਖਿਆ ਕਿ 10 ਸਤੰਬਰ ਤੋਂ ਬਾਅਦ, ਪਾਰਟੀ ਵੱਲੋਂ ਜਿਹੜਾ ਵੀ ਆਗੂ ਚੁਣਿਆ ਜਾਂਦਾ ਹੈ ਉਹ ਉਸ ਦਾ ਸਮਰਥਨ ਕਰੇਗੀ। ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਕੰਜ਼ਰਵੇਟਿਵ ਮੂਵਮੈਂਟ ਨੂੰ ਲੈ ਕੇ ਉਹ ਕਾਫੀ ਸਕਾਰਾਤਮਕ ਰੌਂਅ ਰੱਖਦੀ ਹੈ ਤੇ ਕੰਜ਼ਰਵੇਟਿਵਾਂ ਦੀ ਜਿੱਤ ਦੀ ਆਸ ਕਰਦੀ ਹੈ। ਇਸ ਸਾਲ ਐਰਿਨ ਓਟੂਲ ਦੇ ਕੰਜ਼ਰਵੇਟਿਵ



ਆਗੂ ਦਾ ਅਹੁਦਾ ਛੱਡਣ ਤੋਂ ਬਾਅਦ ਅੰਤਰਿਮ ਆਗੂ ਦੀ ਭੂਮਿਕਾ ਨਿਭਾਉਣ ਵਾਲੀ ਬਰਗਨ ਪਹਿਲਾਂ ਕੰਜ਼ਰਵੇਟਿਵਾਂ ਦੀ ਡਿਪਟੀ ਆਗੂ ਸੀ ਤੇ ਹਾਊਸ ਆਫ ਕਾਮਨਜ਼ ਵਿੱਚ ਪਾਰਟੀ ਦੀਆਂ ਅਹਿਮ ਸ਼ਖਸੀਅਤਾਂ ਵਿੱਚ ਸ਼ਾਮਲ ਸੀ।ਮੈਨੀਟੋਬਾ ਤੋਂ ਇਸ ਐਮਪੀ ਨੂੰ ਪਹਿਲੀ ਵਾਰੀ ਪੋਰਟੇਜ-ਲਿਸਗਾਰ ਇਲਾਕੇ ਤੋਂ ਚੁਣਿਆ ਗਿਆ। ਆਪਣੇ ਬਿਆਨ ਵਿੱਚ ਬਰਗਨ ਨੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਸਾਬਕਾ ਅੰਤਰਿਮ ਆਗੂ ਰੋਨਾ ਐਂਬਰੋਸ ਦਾ ਧੰਨਵਾਦ ਵੀ ਕੀਤਾ। ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਸ਼ਨਿੱਚਰਵਾਰ ਰਾਤ ਨੂੰ ਓਟਵਾ ਵਿੱਚ ਹੋਣ ਜਾ ਰਹੇ ਇਜਲਾਸ ਵਿੱਚ ਆਪਣਾ ਨਵਾਂ ਆਗੂ ਚੁਣੇਗੀ।

# ਅਗਲਾ ਆਗੂ ਐਲਾਨਣ ਲਈ ਨਵੇਂ ਸਿਰੇ ਤੋਂ ਵਿਚਾਰ ਕਰ ਰਹੀ ਹੈ ਕੰਜ਼ਰਵੇਟਿਵ ਪਾਰਟੀ

ਓਟਵਾ-ਮਹਾਰਾਣੀ ਐਲਿਜ਼ਾਬੈੱਥ ਦੀ ਮੌਤ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੂੰ ਆਪਣਾ ਅਗਲਾ ਆਗੂ ਐਲਾਨਣ ਲਈ ਨਵੇਂ ਸਿਰੇ ਤੋਂ ਵਿਚਾਰ ਕਰਨਾ ਪੈ ਰਿਹਾ ਹੈ। ਪਾਰਟੀ ਵੱਲੋਂ ਸ਼ਨਿੱਚਰਵਾਰ ਨੂੰ ਓਟਵਾ ਵਿੱਚ ਆਪਣਾ ਨਵਾਂ ਆਗੂ ਐਲਾਨਣ ਬਾਰੇ ਯੋਜਨਾ ਬਣਾਈ ਜਾ ਰਹੀ ਸੀ ਪਰ ਮਹਾਰਾਣੀ ਦੀ ਮੌਤ ਤੋਂ ਬਾਅਦ ਅਜਿਹਾ ਨਹੀਂ ਕੀਤਾ ਜਾ ਸਕੇਗਾ ਕਿਉਂਕਿ ਇਸ ਸਮੇਂ ਬ੍ਰਿਟੇਨ ਵਾਂਗ ਕੈਨੇਡਾ ਵਿੱਚ ਵੀ ਸੋਗ ਦੀ ਲਹਿਰ ਦੌੜ ਗਈ ਹੈ। ਪਾਰਟੀ ਦੀ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰ ਈਏਨ ਬ੍ਰੈਂਡੀ ਨੇ ਵੀਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਮਹਾਰਾਣੀ ਐਲਿਜ਼ਾਬੈੱਥ ਦੀ ਮੌਤ ਨਾਲ ਸਬੰਧਤ ਜਿਹੜੀਆਂ ਪ੍ਰੋਟੋਕਾਲਜ਼ ਹਨ ਪਾਰਟੀ ਉਨ੍ਹਾਂ ਦਾ ਸਤਿਕਾਰ ਕਰਦੀ ਹੈ। ਬ੍ਰੈਂਡੀ ਨੇ ਆਖਿਆ ਕਿ ਇਸ ਲੀਡਰਸ਼ਿਪ ਦੌੜ ਦੇ ਨਤੀਜਿਆਂ ਦਾ ਐਲਾਨ ਕਰਨ ਲਈ ਢੁਕਵੇਂ ਸਮੇਂ ਬਾਰੇ ਕਮੇਟੀ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਬਾਰੇ ਸ਼ੁੱਕਰਵਾਰ ਸਵੇਰੇ ਅਪਡੇਟ ਮੁਹੱਈਆ ਕਰਵਾਈ ਜਾਵੇਗੀ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

We Can Help You Sell Your House!

**Satvir Cheema**

**604-240-9148**



CENTURY 21 Coastal Realty Ltd.

#105-7928 128th St., Surrey, BC, V3W 4E8

satvir.cheema@century21.ca



PUNJAB LINK

# ਪੰਜਾਬ ਲਿੰਕ

ਸ਼ਨਿਚਰਵਾਰ, 10 ਸਤੰਬਰ, 2022

ਰਿਅਲ ਅਸਟੇਟ | REAL ESTATE

www.punjablinkpaper.com 604-503-5465



For All Your Real Estate Needs

**Amrik Cheema**

*PREC

**604-369-7000**

CENTURY 21 Coastal Realty Ltd.



#105-7928 128th St., Surrey, BC, V3W 4E8

info@amrikcheema.com


# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿਚ ਮੁੜ ਕੀਤਾ ਵਾਧਾ

ਓਟਵਾ-ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ 75 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਇਸ ਨਾਲ ਬੈਂਕ ਦਾ ਪਾਲਿਸੀ ਰੇਟ 2.5 ਫੀਸਦੀ ਤੋਂ ਵੱਧ ਕੇ 3.25 ਫੀ ਸਦੀ ਹੋ ਗਿਆ ਹੈ। ਮਾਰਚ ਤੋਂ ਲੈ ਕੇ ਹੁਣ ਤੱਕ ਬੈਂਕ ਆਪਣੇ ਪਾਲਿਸੀ ਰੇਟ ਵਿੱਚ 300 ਬੇਸਿਸ ਅੰਕਾਂ ਦਾ ਵਾਧਾ ਕਰ ਚੁੱਕਿਆ ਹੈ। ਮਹਿਗਾਈ ਦਰ ਨੂੰ ਦੋ ਫੀ ਸਦੀ ਦੇ ਟੀਚੇ ਤੱਕ ਲਿਆਉਣ ਲਈ ਬੈਂਕ ਵੱਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਲੋਬਲ ਪੱਧਰ ਉੱਤੇ ਮਹਿਗਾਈ ਵਿੱਚ ਹੋ ਰਹੇ ਵਾਧੇ ਲਈ ਬੈਂਕ ਰੂਸ ਵੱਲੋਂ ਯੂਕਰੇਨ ਉੱਤੇ ਮੜ੍ਹੀ ਗਈ ਜੰਗ, ਚੀਨ ਵਿੱਚ ਕੋਵਿਡ-19 ਲਾਕਡਾਊਨਜ਼ ਤੇ ਹੋਰ ਵਸਤਾਂ ਦੀਆਂ ਅਸਥਿਰ ਕੀਮਤਾਂ ਨੂੰ ਜ਼ਿੰਮੇਵਾਰ ਮੰਨਦਾ ਹੈ। ਜੁਲਾਈ ਵਿੱਚ ਸਟੈਟੇਸਟਿਕਸ ਕੈਨੇਡਾ ਵੱਲੋਂ ਰਿਪੋਰਟ ਕੀਤੀ ਗਈ ਮਹਿਗਾਈ 7.6 ਫੀ ਸਦੀ ਸੀ, ਜੋ ਕਿ ਜੂਨ ਵਿੱਚ 8.1 ਫੀ ਸਦੀ ਉੱਤੇ ਪਹੁੰਚ ਚੁੱਕੀ ਦਰ ਨਾਲੋਂ ਘੱਟ ਸੀ।ਮਹਿਗਾਈ ਵਿੱਚ ਇਹ ਕਮੀ ਗੈਸ ਦੀਆਂ ਕੀਮਤਾਂ ਵਿੱਚ ਆਈ ਗਿਰਾਵਟ ਸਦਕਾ ਆਈ ਦੱਸੀ ਗਈ ਜਦਕਿ ਖਾਣੇ ਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਿਹਾ। ਇਸ ਦੌਰਾਨ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਮਹਿਗਾਈ ਵਿੱਚ ਇਹ ਵਾਧਾ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਨਾਲ ਵੱਧ ਰਹੀਆਂ ਕੀਮਤਾਂ ਦੀ ਸਥਿਤੀ ਮਜ਼ਬੂਤ ਹੋਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ।ਬੈਂਕ ਨੇ ਮਹਿਗਾਈ ਨੂੰ ਹੋਰ ਹੇਠਾਂ ਆਪਣੇ ਦੋ ਫੀ ਸਦੀ ਦੇ ਟੀਚੇ ਤੱਕ ਲਿਆਉਣ ਲਈ ਆਉਣ ਵਾਲੇ ਦਿਨਾਂ ਵਿੱਚ ਪਾਲਿਸੀ ਰੇਟ ਵਿੱਚ ਹੋਰ ਵਾਧਾ ਹੋ ਸਕਦਾ ਹੈ।ਯੂਨੀਵਰਸਿਟੀ ਆਫ ਓਟਵਾ ਵਿੱਚ ਇਸਟੀਚਿਊਟ ਆਫ ਫਿਸਕਲ ਸਟੱਡੀਜ਼ ਤੇ ਡੈਮੋਕ੍ਰੈਸੀ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਵਿਨ ਪੇਜ ਨੇ ਆਖਿਆ ਕਿ ਬੈਂਕ ਨੇ ਅਗਾਂਹ ਵੀ ਵਿਆਜ਼ ਦਰਾਂ ਵਿੱਚ ਵਾਧਾ ਕਰਨ ਲਈ ਪਹਿਲਾਂ ਹੀ ਰਾਹ ਪੱਧਰਾ ਕਰ ਲਿਆ ਹੈ। ਉਨ੍ਹਾਂ ਆਖਿਆ ਕਿ ਸੰਭਾਵੀ ਤੌਰ ਉੱਤੇ ਬੈਂਕ




ਆਪਣੀ ਪਾਲਿਸੀ ਦਰ 4 ਫੀ ਸਦੀ ਤੱਕ ਲਿਆਵੇਗਾ। ਵੈਨਕੂਵਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਸਰਕਾਰ ਸੰਤੁਲਿਤ ਤੇ ਸਾਵਧਾਨੀ ਵਾਲੀ ਪਹੁੰਚ ਅਪਨਾਉਣਾ ਚਾਹੁੰਦੀ ਹੈ,ਜਿਵੇਂ ਕਿ ਅਸੀਂ ਹੁਣ ਤੱਕ ਕਰਦੇ ਆਏ ਹਾਂ। ਇੱਥੇ ਸਾਰੇ ਫੈਡਰਲ ਕੈਬਨਿਟ ਮੰਤਰੀ ਰਟਰੀਟ ਲਈ ਇੱਕਠੇ ਹੋਏ ਹਨ।

## ਸਕਾਟਲੈਂਡ ਖੁਦਕੁਸ਼ੀ ਕਾਰਨ ਹੋਈਆਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੀਆਂ ਮੌਤਾਂ

### 2011 ਤੋਂ 2020 ਤੱਕ 25.7% ਦੀ ਖੁਦਕੁਸ਼ੀ ਕਾਰਨ ਹੋਈ ਮੌਤ

ਗਲਾਸਗੋ-ਕਿਸੇ ਵੀ ਸਮਾਜ ਦੀ ਖੁਸ਼ਹਾਲੀ ਇਸ ਗੱਲ ਤੋਂ ਵੀ ਦੇਖੀ ਜਾ ਸਕਦੀ ਹੈ ਕਿ ਉਸ ਸਮਾਜ ਵਿੱਚ ਹੋਈਆਂ ਮੌਤਾਂ ਦੀ ਅਸਲ ਵਜ੍ਹਾ ਕੀ ਸੀ? ਇਸ ਸੰਬੰਧੀ ਨਸ਼ਰ ਹੋਣ ਵਾਲੇ ਅੰਕੜੇ ਨਿਰਸੰਦੇਹ ਬਹੁਤ ਹੀ ਹੈਰਾਨੀਜਨਕ ਸੱਚ ਸਾਹਮਣੇ ਪੇਸ਼ ਕਰ ਦੇਣਗੇ। ਹਾਲ ਹੀ ਵਿੱਚ ਨਸ਼ਰ ਹੋਈ ਜਾਣਕਾਰੀ ਨੇ ਸਕਾਟਲੈਂਡ ਵਿੱਚ ਹੋਈਆਂ ਮੌਤਾਂ ਦੇ ਕਾਰਨਾਂ ਦਾ ਖੁਲਾਸਾ ਕੀਤਾ ਹੈ। ਜਿਸ ਦੌਰਾਨ ਸਾਹਮਣੇ ਆਇਆ ਹੈ ਕਿ 2011 ਤੋਂ 2020 ਦੀ ਸਮੇਂ ਦੌਰਾਨ ਹੋਈਆਂ ਬਾਲਗ ਨੌਜਵਾਨਾਂ ਦੀਆਂ ਮੌਤਾਂ ਦਾ ਵਧੇਰੇ ਗਿਣਤੀ ਵਿੱਚ ਖੁਦਕੁਸ਼ੀ ਮੁੱਖ ਵਜ੍ਹਾ ਸੀ। ਪਬਲਿਕ ਹੈਲਥ ਸਕਾਟਲੈਂਡ ਵੱਲੋਂ ਮਿਲੀ ਜਾਣਕਾਰੀ ਅਨੁਸਾਰ 5 ਸਾਲ ਤੋਂ 24 ਸਾਲ ਉਮਰ ਵਰਗ ਦੀਆਂ ਹੋਈਆਂ ਮੌਤਾਂ ਵਿੱਚੋਂ 25.7% ਦਾ ਕਾਰਨ ਖੁਦਕੁਸ਼ੀ ਸੀ। ਇਹ ਅੰਕੜਾ ਸੜਕ ਹਾਦਸਿਆਂ ਵਿੱਚ ਮਰਨ ਵਾਲਿਆਂ ਨਾਲੋਂ ਵੱਧ ਹੈ।

## ਜਣੇਪੇ ਦੀ ਫੀਸ ਨਾ ਦੇਣ ਕਾਰਨ ਹਸਪਤਾਲ ਨੇ ਨਵਜੰਮੀ ਬੱਚੀ ਦੂਜੇ ਧਰਮ ਨੂੰ ਵੇਚ ਕੇ ਵਸੂਲੀ ਕੀਤੀ

ਸ਼ਾਹਜਹਾਂਪੁਰ (ਯੂਪੀ)-ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਜ਼ਿਲ੍ਹੇ ਦੇ ਨਿੱਜੀ ਹਸਪਤਾਲ ਦੇ ਸੰਚਾਲਕ ਨੇ ਜਣੇਪੇ ਦੀ ਫੀਸ ਦਾ ਭੁਗਤਾਨ ਕਰਨ ਤੋਂ ਅਸਮਰੱਥ ਹੋਣ 'ਤੇ ਔਰਤ ਦੀ ਨਵਜੰਮੀ ਬੱਚੀ ਦੂਜੇ ਧਰਮ ਦੇ ਵਿਅਕਤੀ ਨੂੰ ਵੇਚ ਕੇ ਫੀਸ ਵਸੂਲ ਲਈ। ਪੁਲੀਸ ਸੂਤਰਾਂ ਨੇ ਦੱਸਿਆ ਕਿ ਬਾਅਦ 'ਚ ਮਾਮਲਾ ਗਰਮਾ ਜਾਣ ਤੋਂ ਬਾਅਦ ਬੱਚੀ ਨੂੰ ਉਸ ਦੇ ਮਾਪਿਆਂ ਕੋਲ ਵਾਪਸ ਕਰ ਦਿੱਤਾ ਗਿਆ, ਜਦਕਿ ਇਸ ਮਾਮਲੇ 'ਚ ਰਿਪੋਰਟ ਦਰਜ ਕਰ ਕੇ ਹਸਪਤਾਲ ਨੂੰ ਸੀਲ ਕਰ ਦਿੱਤਾ ਗਿਆ ਹੈ।


**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION



www.hughesco.com CEDRIC HUGHES

**604.602.1828**

*HEAD OFFICE:*

**VANCOUVER**

**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha

604-356-5555

SUNNY SANGHA Personal Real Estate Corporation

CENTURY 21 Coastal Realty Ltd.

MES MEDALLION CLUB MEMBER

Ram Johal

604-356-5555



www.sunnysangha.com | info@sunnysangha.com

# ਹਨੀ ਸਿੰਘ ਅਤੇ ਸ਼ਾਲਿਨੀ ਤਲਵਾਰ ਦਾ ਹੋਇਆ ਤਲਾਕ

### 1 ਕਰੋੜ ਰੁਪਏ ’ਚ ਹੋਇਆ ਸਮਝੌਤਾ



ਮੁੰਬਈ-ਗਾਇਕ ਹਨੀ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ਼ਾਲਿਨੀ ਤਲਵਾਰ ‘ਚ ਤਲਾਕ ਹੋ ਗਿਆ ਹੈ। ਸ਼ਾਲਿਨੀ ਤਲਵਾਰ ਨੇ ਪਿਛਲੇ ਸਾਲ ਦਿੱਲੀ ਦੀ ਤੀਸ ਹਜ਼ਾਰੀ ਅਦਾਲਤ ‘ਚ ਤਲਾਕ ਦੀ ਪਟੀਸ਼ਨ ਦਾਇਰ ਕਰਕੇ ਗਾਇਕ ‘ਤੇ ਘਰੇਲੂ ਹਿੰਸਾ ਅਤੇ ਹੋਰ ਔਰਤਾਂ ਨਾਲ ਸਰੀਰਕ ਸੰਬੰਧਾਂ ਸਮੇਤ ਕਈ ਗੰਭੀਰ ਦੋਸ਼ ਲਾਏ ਸਨ। ਇਸ ਦੇ ਨਾਲ ਹੀ ਹਨੀ ਸਿੰਘ ਅਤੇ ਸ਼ਾਲਿਨੀ ਹੁਣ ਅਧਿਕਾਰਤ ਤੌਰ ‘ਤੇ ਵੱਖ ਹੋ ਗਏ ਹਨ। ਖ਼ਬਰਾਂ ਦੀ ਮੰਨੀਏ ਤਾਂ ਸ਼ਾਲਿਨੀ ਨੇ ਹਨੀ ਸਿੰਘ ਤੋਂ ਤਲਾਕ ਲਈ 10 ਕਰੋੜ ਰੁਪਏ ਦੀ ਭੱਤਾ ਮੰਗਿਆ ਸੀ ਪਰ ਹੁਣ ਦੋਵਾਂ ਵਿਚਾਲੇ 1 ਕਰੋੜ ਦਾ ਸਮਝੌਤਾ ਹੋਇਆ ਹੈ।

# ਅਕਤੂਬਰ ’ਚ 12 ਚੀਤੇ ਭਾਰਤ ਨੂੰ ਭੇਜੇਗਾ ਦੱਖਣੀ ਅਫ਼ਰੀਕਾ

ਬੇਲਾ ਬੇਲਾ (ਦੱਖਣੀ ਅਫ਼ਰੀਕਾ)-ਦੱਖਣੀ ਅਫ਼ਰੀਕਾ ਆਪਣੇ ਚੀਤੇ ਭਾਰਤ ਤੇ ਮੋਜ਼ਾਮਬਿਕ ਭੇਜ ਰਿਹਾ ਹੈ। ਇਹ ਉਨ੍ਹਾਂ ਖੇਤਰਾਂ ‘ਚ ਵਿਸ਼ੇਸ਼ ਚਿੱਤਰੀਦਾਰ ਜਾਨਵਰਾਂ ਨੂੰ ਭੇਜਣ ਦੀਆਂ ਉਸ ਦੀਆਂ ਮਹੱਤਵਪੂਰਨ ਕੋਸ਼ਿਸ਼ਾਂ ਦਾ ਹਿੱਸਾ ਹੈ, ਜਿੱਥੇ ਇਨ੍ਹਾਂ ਦੀ ਆਬਾਦੀ ਘੱਟ ਹੋ ਰਹੀ ਹੈ। ਦੱਖਣੀ ਅਫ਼ਰੀਕਾ ‘ਚ ਵਾਧੂ ਫੜ੍ਹੇ ਗਏ ਚਾਰ ਚੀਤਿਆਂ ਨੂੰ ਜਹਾਜ਼ ਦੇ ਜ਼ਰੀਏ ਇਸ ਹਫ਼ਤੇ ਮੋਜ਼ਾਮਬਿਕ ਭੇਜਿਆ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਕਰੀਬ ਇਕ ਮਹੀਨੇ ਦੇ ਇਕਾਂਤਵਾਸ ‘ਚ ਰੱਖਿਆ ਗਿਆ ਸੀ। ਇਨ੍ਹਾਂ ਦੀ ਸੁਰੱਖਿਆ ਕਰਨ ਵਾਲੇ ਅਕਤੂਬਰ ‘ਚ 12 ਹੋਰ ਚੀਤਿਆਂ ਨੂੰ ਭਾਰਤ ਭੇਜਣ ਦੀ ਤਿਆਰੀ ਕਰ ਰਹੇ ਹਨ। ਚੀਤੇ ਨੂੰ ਦੁਨੀਆ ‘ਚ ਸਭ ਤੋਂ ਜ਼ਿਆਦਾ ਫੁਰਤੀਲਾ ਜਾਨਵਰ ਮੰਨਿਆ ਜਾਂਦਾ ਹੈ। ਮੋਜ਼ਾਮਬਿਕ ਜਾਣ ਵਾਲੇ ਚੀਤਿਆਂ ਨੂੰ ਬੇਹੋਸ਼ ਕਰਨ ਅਤੇ ਪਿੰਜਰੇ ‘ਚ ਪਾਉਣ ਦੇ ਬਾਅਦ ਵਣਜੀਵ ਪਸ਼ੂ ਡਾਕਟਰ ਐਂਡੀ ਫ੍ਰੇਜ਼ੀਅਰ ਨੇ ਕਿਹਾ ਕਿ ਦੂਸਰੇ ਸਥਾਨਾਂ ‘ਤੇ ਜਾਣਾ ਇਨ੍ਹਾਂ ਪਸ਼ੂਆਂ ਲਈ ਮੁਸ਼ਕਿਲ ਹੈ। ਫ੍ਰੇਜ਼ੀਅਰ ਨੇ ਕਿਹਾ ਕਿ ਟੀਮ ਵੱਡੇ ਅਤੇ ਚੁਣੌਤੀਪੂਰਨ ਅਭਿਆਨ ਦੇ ਤੌਰ ‘ਤੇ ਚੀਤਿਆਂ ਨੂੰ ਭਾਰਤ ਭੇਜਣ ਦੀ ਤਿਆਰੀ ਕਰ ਰਹੀ ਹੈ, ਕਿਉਂਕਿ ਚੀਤਿਆਂ ਨੂੰ ਜ਼ਿਆਦਾ ਲੰਬੀ ਦੂਰੀ ਦਾ ਸਫਰ ਕਰਨਾ ਪਵੇਗਾ।

# ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਕੀਤੀ ਖ਼ੁਦਕੁਸ਼ੀ, 4 ਭੈਣਾਂ ਦਾ ਸੀ ਇਕਲੌਤਾ ਭਰਾ

ਤਲਵੰਡੀ ਸਾਬੋ-ਸਬ-ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਗਾਟਵਾਲੀ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਚਾਰ ਭੈਣਾਂ ਦੇ ਇਕਲੌਤੇ ਭਰਾ ਕਿਸਾਨ ਨਛੱਤਰ ਸਿੰਘ ਤੋਤਾ (42) ਪੁੱਤਰ ਜਰਨੈਲ ਸਿੰਘ ਨੇ ਕਰਜ਼ੇ ਦੀ ਪ੍ਰੇਸ਼ਾਨੀ ਦੇ ਚੱਲਦਿਆਂ ਕੋਈ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ ਹੈ। ਇਸ ਸੰਬੰਧੀ ਪਿੰਡ ਦੇ ਸਮਾਜਸੇਵੀ ਮਨਦੀਪ ਸਿੰਘ ਮੰਕੂ ਤੇ ਹਰਪਾਲ ਸਿੰਘ ਨੇ ਦੱਸਿਆ ਕਿ ਕਿਸਾਨ ਦੀ ਨਰਮੇ ਦੀ ਫ਼ਸਲ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਚਿੱਟੇ ਮੱਛਰ ਤੇ ਗੁਲਾਬੀ ਸੁੰਢੀ ਨੇ ਖ਼ਰਾਬ ਕਰ ਦਿੱਤੀ ਸੀ, ਜਿਸ ਕਾਰਨ ਕਿਸਾਨ ਸਿਰ ਸਰਕਾਰੀ ਤੇ ਗੈਰ-ਸਰਕਾਰੀ 20 ਲੱਖ ਰੁਪਏ ਦਾ ਕਰਜ਼ਾ ਸੀ। ਇਸੇ ਦੇ ਪ੍ਰੇਸ਼ਾਨੀ ਦੇ ਚੱਲਦਿਆਂ ਕਿਸਾਨ ਵਲੋਂ ਖ਼ੁਦਕੁਸ਼ੀ ਕਰ ਲਈ ਗਈ।

# ਨੀਰਜ ਨੇ ਮੁੜ ਰਚਿਆ ਇਤਿਹਾਸ ਡਾਇਮੰਡ ਲੀਗ ਚੈਂਪੀਅਨ ਬਣਿਆ

ਜ਼ਿਊਰਿਖ-ਓਲੰਪਿਕ ਸੋਨ ਤਗਮਾ ਜੇਤੂ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਇੱਥੇ ਡਾਇਮੰਡ ਲੀਗ ਫਾਈਨਲਜ਼ ਦਾ ਖ਼ਿਤਾਬ ਜਿੱਤ ਕੇ ਇੱਕ ਹੋਰ ਇਤਿਹਾਸਕ ਉਪਲਬਧੀ ਹਾਸਲ ਕੀਤੀ। ਚੋਪੜਾ ਇਹ ਖਿਤਾਬ ਜਿੱਤਣ ਵਾਲਾ ਪਹਿਲਾ ਭਾਰਤੀ ਐਥਲੀਟ ਹੈ। ਚੋਪੜਾ ਨੇ ਫਾਊਲ ਨਾਲ ਸ਼ੁਰੂਆਤ ਕੀਤੀ ਪਰ ਆਪਣੀ ਦੂਜੀ ਕੋਸ਼ਿਸ਼ ਵਿੱਚ 88.44 ਮੀਟਰ ਦੀ ਥਰੋਅ ਨਾਲ ਸਿਖਰ ‘ਤੇ ਪਹੁੰਚ ਗਿਆ। ਇਹ ਉਸ ਦੇ ਕਰੀਅਰ ਦਾ ਚੌਥਾ ਸਰਵੋਤਮ ਪ੍ਰਦਰਸ਼ਨ ਹੈ। ਉਸ ਨੇ ਆਪਣੀਆਂ ਅਗਲੀਆਂ ਚਾਰ ਕੋਸ਼ਿਸ਼ਾਂ ਵਿੱਚ 88.00 ਮੀਟਰ, 86.11 ਮੀਟਰ, 87.00 ਮੀਟਰ ਅਤੇ 83.60 ਮੀਟਰ ਥਰੋਅ ਕੀਤਾ



# ਉਜ਼ਬੇਕਿਸਤਾਨ ਵਿਚ ਮਿਲ ਸਕਦੇ ਹਨ ਪੁਤਿਨ ਤੇ ਸ਼ੀ ਜਿਨਪਿੰਗ



ਮਾਸਕੋ-ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਗਲੇ ਹਫ਼ਤੇ ਉਜ਼ਬੇਕਿਸਤਾਨ ਵਿਚ ਮਿਲ ਸਕਦੇ ਹਨ। ਇਹ ਦੋਵੇਂ ਅੱਗੇ ਹੋਣ ਵਾਲੇ ਸ਼ਿਖਰ ਸੰਮੇਲਨ ਵਿਚ ਸ਼ਾਮਲ ਹੋਣ ਮੌਕੇ ਮਿਲਣਗੇ। ਚੀਨ ਵਿਚ ਰੂਸ ਦੇ ਰਾਜਦੂਤ ਆਂਦਰੇਈ ਦੇਨੀਸੋਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ 15 ਤੇ 16 ਸਤੰਬਰ ਨੂੰ ਉਜ਼ਬੇਕਿਸਤਾਨ ਵਿਚ ਹੋਣ ਵਾਲੇ ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਦੌਰਾਨ ਦੋਵਾਂ ਆਗੂਆਂ ਦੀ ਮੁਲਾਕਾਤ ਹੋਵੇਗੀ।

ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੌਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community


HUGHES & COMPANY LAW CORPORATION
Chipotle Mexican Grill
See outside
Hughes & Company Law Corporation
Website Directions Save
4.9 ★★★★★ 62 Google reviews
Conveyancer in Vancouver, British Columbia
Address: 777 W Broadway #505, Vancouver, BC V5Z 1J5
Hours: Closed - Opens 9 a.m. Tue.
Phone: (604) 602-1828
Appointments: hughesco.com
Province: British Columbia

★★★★★
**4.9 STAR**
Google
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY *(BY APPOINTMENT PLEASE)*
Email: cedric_hughes@hughesco.com


***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# TRANSource FREIGHTWAYS

## Pin to Pin (ਯਾਰਡ ਤੋਂ ਯਾਰਡ)

**ਕੰਮ ਲਈ Drivers and Owner Operators ਚਾਹੀਦੇ ਹਨ।**

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**

# ਮੈਂ ਵਿਲੇਨ ਦੇ ਰੋਲ ਕਰਨਾ ਚਾਹੁੰਦਾ ਹਾਂ-ਰਣਬੀਰ ਕਪੂਰ

ਰਣਬੀਰ ਕਪੂਰ ਦੀ 'ਸ਼ਮਸ਼ੇਰਾ' 22 ਜੁਲਾਈ ਨੂੰ ਰਿਲੀਜ਼ ਹੋਈ, ਜੋ ਬੁਰੀ ਤਰ੍ਹਾਂ ਫਲਾਪ ਸਾਬਤ ਹੋਈ। ਉਸ ਦੀ 'ਬ੍ਰਹਮਾਸਤਰ' 9 ਸਤੰਬਰ ਨੂੰ ਰਿਲੀਜ਼ ਹੋਣ ਵਾਲੀ ਹੈ। ਡਾਇਰੈਕਟਰ ਸੰਦੀਪ ਰੈੱਡੀ ਵਾਂਗਾ ਦੇ ਨਿਰਦੇਸ਼ਨ ਵਾਲੀ ਰਣਬੀਰ ਕਪੂਰ ਦੀ 'ਐਨੀਮਲ' ਅਗਲੇ ਸਾਲ 11 ਅਗਸਤ ਨੂੰ ਰਿਲੀਜ਼ ਹੋਵੇਗੀ। 'ਐਨੀਮਲ' ਵਿੱਚ ਅਨਿਲ ਕਪੂਰ, ਰਣਬੀਰ ਦੇ ਪਿਤਾ ਅਤੇ ਪਰਿਣੀਤੀ ਚੋਪੜਾ ਉਸ ਦੀ ਪਤਨੀ ਦੇ ਕਿਰਦਾਰ ਵਿੱਚ ਆਏਗੀ। ਇੱਕ ਮਹੱਤਵ ਪੂਰਨ ਕਿਰਦਾਰ ਵਿੱਚ ਬੌਬੀ ਦਿਓਲ ਵੀ ਆਉਣਗੇ। ਇਸ ਗੈਂਗਸਟਾਰ ਕਰਾਈਮ ਡਰਾਮਾ ਫਿਲਮ ਨੂੰ ਭੂਸ਼ਣ ਕੁਮਾਰ ਅਤੇ ਕ੍ਰਿਸ਼ਨ ਕੁਮਾਰ ਦੀ ਟੀ-ਸੀਰੀਜ਼ ਪ੍ਰਣਯ ਰੈਡੀ ਵਾਂਗਾ ਦੀ ਭਦਰਕਾਲੀ ਫਿਲਮਜ਼ ਅਤੇ ਮੁਰਾਦ ਖੇਤਾਨੀ ਦੇ ਸਿਨੇ ਸਟੂਡੀਓ ਵੱਲੋਂ ਪ੍ਰੋਡਿਊਸ ਕੀਤਾ ਜਾ ਰਿਹਾ ਹੈ। 'ਐਨੀਮਲ' ਅਜਿਹੇ ਉਲਝੇ ਹੋਏ ਰਿਸ਼ਤਿਆਂ ਦੀਆਂ ਪ੍ਰੇਸ਼ਾਨੀਆਂ ਉੱਤੇ ਆਧਾਰਤ ਹੈ, ਜਿਸ ਵਿੱਚ ਅਜਿਹਾ ਸਮਾਂ ਆਉਂਦਾ ਹੈ, ਜੋ ਲੀਡ ਐਕਟਰ ਨੂੰ ਐਨੀਮਲ ਵਰਗਾ ਵਿਹਾਰ ਕਰਨ ਨੂੰ ਮਜਬੂਰ ਕਰ ਦਿੰਦਾ ਹੈ। ਆਮਿਰ ਅਤੇ ਰਣਬੀਰ ਕਪੂਰ ਪਹਿਲੀ ਵਾਰ ਰਾਜ ਕੁਮਾਰ ਹਿਰਾਨੀ ਦੀ ਫਿਲਮ 'ਪੀਕੇ' ਵਿੱਚ ਨਜ਼ਰ ਆਏ ਸਨ। ਰਣਬੀਰ ਦਾ ਉਸ ਫਿਲਮ ਵਿੱਚ ਇੱਕ ਬੇਹੱਦ ਛੋਟਾ ਜਿਹਾ ਕੈਮਿਉ ਸੀ। ਆਮਿਰ ਦੇ ਪ੍ਰੋਡਕਸ਼ਨ ਹਾਊਸ ਦੁਆਰਾ ਬਣਾਈ ਜਾਣ ਵਾਲੀ ਫਿਲਮ ਦੀ ਸਕ੍ਰਿਪਟ ਰਣਬੀਰ ਨੂੰ ਪਸੰਦ ਆਈ ਹੈ। ਰਣਬੀਰ ਕਪੂਰ ਨੇ ਇਸ ਦਾ ਹਿੱਸਾ ਬਣਨ ਦੇ ਲਈ ਆਪਣੀ ਹਾਮੀ ਭਰ ਦਿੱਤੀ ਹੈ। ਅਗਲੇ ਸਾਲ ਦੇ ਅੱਧ ਤੱਕ ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਸਕਦੀ ਹੈ। ਰਣਬੀਰ ਦਾ ਕਹਿਣਾ ਹੈ ਕਿ ਮੈਂ ਟਾਈਪਕਾਸਟ ਹੋ ਰਿਹਾ ਸੀ। ਮੇਰੀ ਰੋਮਾਂਟਿਕ ਇਮੇਜ਼ ਬਣ ਗਈ ਸੀ। ਇੱਕ ਹੀ ਤਰ੍ਹਾਂ ਦੇ ਕਿਰਦਾਰ ਕਰਦੇ ਹੋਏ ਮੈਂ ਖੁਦ ਤੋਂ ਬੋਰ ਹੋਣ ਲੱਗਾ ਸੀ। ਦਰਸ਼ਕ ਵੀ ਮੇਰੇ ਤੋਂ ਬੋਰ ਨਾ ਹੋਣ, ਇਸ ਦੇ ਲਈ ਮੈਂ ਆਪਣੇ ਕੰਫਰਟ ਜ਼ੋਨ ਤੋਂ ਨਿਕਲ ਕੇ ਕੁਝ ਚੈਲੇਂਜਿੰਗ ਕਰਨਾ ਕਰਨਾ ਚਾਹੁੰਦਾ ਸੀ। ਹਰ ਕਿਸੇ ਨੂੰ ਮੇਰਾ ਕੰਮ ਅਤੇ ਕਿਰਦਾਰ ਪਸੰਦ ਆਇਆ ਹੈ। ਉਨ੍ਹਾਂ ਕਿਹਾ ਕਿ 'ਸ਼ਮਸ਼ੇਰਾ' ਵਿੱਚ ਮੇਰਾ ਬਿਲਕੁਲ ਅਲੱਗ ਤਰ੍ਹਾਂ ਦਾ ਰੋਲ ਸੀ। 10 ਸਾਲ ਪਹਿਲਾਂ ਜੇ ਇਹ ਆਫਰ ਮੇਰੇ ਕੋਲ ਆਇਆ ਹੁੰਦਾ ਤਾਂ ਪੱਕਾ ਹੀ ਮੈਂ ਇਸ ਦੇ ਲਈ ਮਨ੍ਹਾ ਕਰ ਦਿੰਦਾ। ਮੈਨੂੰ ਪਹਿਲੀ ਵਾਰ ਡਬਲ ਰੋਲ ਆਫਰ ਹੋਇਆ ਸੀ ਤੇ ਸਕਰੀਨ ਉੱਤੇ ਡਬਲ ਰੋਲ ਕਰਨਾ ਮੇਰੇ ਲਈ ਖੁਸ਼ੀ ਦੀ ਗੱਲ ਸੀ ਇਸ ਲਈ ਮੈਂ ਤੁਰੰਤ ਹਾਂ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇੱਕ ਐਕਟਰ ਹੋਣ ਦੇ ਨਾਤੇ ਮੇਰਾ ਫਰਜ਼ ਹੈ ਕਿ ਮੈਂ ਹਰ ਤਰ੍ਹਾਂ ਦੇ ਕਿਰਦਾਰ ਨਿਭਾਵਾਂ। ਮੈਂ ਵਿਲੇਨ ਦਾ ਰੋਲ ਵੀ ਕਰਨਾ ਚਾਹੁੰਦਾ ਹਾਂ। ਮੇਰਾ ਸੁਫਨਾ ਰਿਹਾ ਹੈ ਕਿ ਮੈਂ ਨੈਗੇਟਿਵ ਰੋਲ ਕਰਾਂ ਤੇ ਲੋਕ ਆਪਣੇ ਬੱਚਿਆਂ ਨੂੰ ਕਹਿਣ ਸੋ ਜਾ ਬੇਟਾ ਨਹੀਂ ਤਾਂ ਰਣਬੀਰ ਆ ਜਾਏਗਾ। ਸਾਡੀਆਂ ਫਿਲਮਾਂ ਹਮੇਸ਼ਾ ਹੀਰੋ ਦੀ ਸਾਈਡ ਲੈਂਦੀਆਂ ਹਨ, ਪਰ ਵਿਲੇਨ ਬਿਨਾਂ ਹੀਰੋ ਆਪਣੀ ਹੀਰੋਗਿਰੀ ਕਿਵੇਂ ਦਿਖਾ ਸਕੇਗਾ। ਰਣਬੀਰ ਦਾ ਕਹਿਣਾ ਹੈ ਕਿ ਮੈਂ ਕਦੇ ਵੀ ਇਸ ਹੱਕ ਵਿੱਚ ਨਹੀਂ ਸੀ ਕਿ ਆਲੀਆ ਵਿਆਹ ਕਰਨ ਜਾਂ ਮਾਂ ਬਣਨ ਦੇ ਬਾਅਦ ਆਪਣੇ ਸੁਫਨਿਆਂ ਦਾ ਬਲਿਦਾਨ ਦੇਵੇ। ਆਲੀਆ ਅਤੇ ਮੈਂ ਪਿਛਲੇ ਕਾਫੀ ਸਮੇਂ ਤੋਂ ਇਸ ਮਸਲੇ ਉੱਤੇ ਲਗਾਤਾਰ ਵਿਚਾਰ ਵਟਾਂਦਰਾ ਕਰ ਰਹੇ ਹਾਂ ਕਿ ਮਾਤਾ-ਪਿਤਾ ਬਣਨ ਦੇ ਬਾਅਦ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਕਿਵੇਂ ਸਾਂਝੀਆਂ ਕਰਾਂਗੇ।




HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



JC Optical & Hearing
#109-12565 88 AVE., SURREY
778-564-1020
JCOPTICALANDHEARING.COM
OPEN 7 DAYS A WEEK

VOTED #1 CLINIC IN SURREY



JASON CHEEMA
BC, HIP, RO
Board Certified in
Hearing Instrument Sciences





$995
FOR A SET OF HEARING AIDS

- Swiss Engineered Hearing Technology
- Any Style - Any Color
- Full 3 year warranty
- 3 Years of Batteries Included
- 100% Money Back Guarantee

INTEREST-FREE PAYMENT PLANS AVAILABLE




GRAND OPENING OFFER
33% OFF
ON SELECTED ITEMS. PLEASE CHECK IN STORE.

PROUDLY SERVING FROM NEW LOCATION
#B140 3122 Mount Lehman Rd, High Street Shopping Centre, Abbotsford | PH: 604.625.7398

*Offer valid until quantity last.


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

Bank Turndown? Could be just what you need!

Quick Private Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started

SANJEEV KATYAL
604.767.5194
Info@katyalmortgage.ca

WWW.KATYALMORTGAGE.CA


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1405 ਅੱਗ ਆਉਂਦੀ ਦਿੱਲੀ ਦੇ ਵੱਲ ਚੱਲੀ, ਹੁਣ ਸ਼ਾਹ ਜੀ ਦਿੱਲੀ ਦੂਰ ਨਾ ਹੀ।
ਜਿਨ੍ਹਾਂ ਬਾਗਾਂ 'ਚੋਂ ਨਿਕਲੇ ਅੱਗ ਕੇਰਾਂ, ਮੁੜ ਉਨ੍ਹਾਂ ਨੂੰ ਪੈਂਦਾ ਬੂਰ ਨਾ ਹੀ।
ਲੈ ਸਾਰ ਪੰਜਾਬ ਦੀ ਆਪ ਆ ਕੇ, ਹੋਰ ਕਿਸੇ ਤੋਂ ਪੈਣਾ ਪੂਰ ਨਾ ਹੀ।
ਦੇਰ ਕੀਤੀ ਅਗਰ ਹਰਚੰਦ ਸਿੰਘਾ, ਰਹਿਣੇ ਦਿੱਲੀ, ਲਾਹੌਰ, ਕਸੂਰ ਨਾ ਹੀ॥

1406 ਤੁਸੀਂ ਸ਼ਾਹ ਜੀ ਦੱਖਣ ਦੇ ਵਿਚ ਬੈਠੇ, ਇੱਧਰ ਬੰਦਾ ਜਾਏ ਨਾ ਠੱਲਿਆ ਜੀ।
ਖੌਰੇ ਇਨ੍ਹਾਂ ਦੇ ਪੀਰ ਨੇ ਕੀ ਭਰਕੇ, ਬੰਦਾ ਸਿੰਘ ਪੰਜਾਬ ਨੂੰ ਘੱਲਿਆ ਜੀ।
ਇਲਾਕਾ ਰਾਵੀ ਤੋਂ ਜਮਨਾ ਪਾਰ ਸਾਰਾ, ਨਾਲ ਜ਼ੋਰ ਦੇ ਸਿੰਘਾਂ ਨੇ ਮੱਲਿਆ ਜੀ।
ਹਰਚੰਦ ਸਿੰਘਾ ਸ਼ਹਿਰ ਸਮਸ਼ਾਨ ਕੀਤੇ, ਦੇਸ ਵਸਦਾ ਉਜਾੜ ਚੱਲਿਆ ਜੀ॥

1407 ਸਿੱਖ ਭਾਲਿਆਂ ਕਿਤੋਂ ਨਾ ਮਿਲਦਾ ਸੀ, ਬੱਗ ਖੌਰੇ ਕਿਧਰੋਂ ਆਂਵਦਾ ਏ।
ਇੰਝ ਜਾਪਦਾ ਇਹ ਮਰਦੂਦ ਬੰਦਾ, ਮੋਏ ਪਿਛਲੇ ਪਿਆ ਜਗਾਂਵਦਾ ਏ।
ਭੁੱਖ-ਤੇਹ ਨਾ ਇਨ੍ਹਾਂ ਨੂੰ ਮੂਲ ਲੱਗੇ, ਗਰਮੀ-ਪਾਲਾ ਨਹੀਂ ਸਤਾਂਵਦਾ ਏ।
ਹਰਚੰਦ ਸਿੰਘਾ ਦਿਖਣ ਨਾ ਪੈਰ ਹਿਲਦੇ, ਹਰ ਸਿੰਘ ਉਡਾਰੀਆਂ ਲਾਂਵਦਾ ਏ॥

1408 ਕਾਰਨਾਮੇ ਸਿੰਘਾਂ ਦੇ ਦੇਖ ਲੋਕੀ, ਪੱਗਾਂ ਸਿਰਾਂ ਦੇ ਉਤੇ ਸਜਾਉਣ ਲੱਗੇ।
ਚਰਸ, ਚਿਲਮ, ਹਜਾਮਤਾਂ ਛੱਡ ਲੋਕੀ, ਦਾੜ੍ਹੀ-ਕੇਸ ਨੇ ਸਭ ਵਧਾਉਣ ਲੱਗੇ।
ਪਹੁਲ ਖੰਡੇ ਦੀ ਛੱਕ ਕੇ ਖਾਲਸੇ ਤੋਂ ਬਸਤਰ-ਸਸਤਰ ਨਾਲ ਦੇ ਪਾਉਣ ਲੱਗੇ।
ਹਰਚੰਦ ਸਿੰਘਾ ਹੋਏ ਹਾਲਾਤ ਐਸੇ, ਮੁਸਲਮਾਨ ਵੀ ਸਿੰਘ ਅਖਵਾਉਣ ਲੱਗੇ॥

1409 ਜੋ ਲੋਕ ਦਿਹਾੜੀਆਂ ਕਰਨ ਵਾਲੇ, ਉਹ ਨਾਢੂ ਖਾਂ ਅਖਵਾਂਵਦੇ ਨੇ।
ਨੰਬਰਦਾਰ ਤੇ ਜਿਮੀਂਦਾਰ ਸਾਰੇ, ਭੈ ਉਨ੍ਹਾਂ ਦੇ ਕੋਲੋਂ ਖਾਂਵਦੇ ਨੇ।
ਜਿੱਥੇ ਚੌਧਰੀ ਬੈਠਦੇ ਡਾਹ ਮੰਜੇ, ਬਰਾਬਰ ਉਨ੍ਹਾਂ ਦੇ ਅੱਜ ਉਹ ਡਾਂਹਵਦੇ ਨੇ।
ਹਰਚੰਦ ਸਿੰਘਾ, ਸਿੰਘ ਜਦ ਸਜ ਜਾਂਦੇ, ਸਾਰੇ ਪਿੰਡ ਤੇ ਹੁਕਮ ਚਲਾਂਵਦੇ ਨੇ॥

1410 ਕੁੱਝ ਕਹੀਏ ਅਗਰ ਕੰਮੀਆਂ ਨੂੰ, ਉਹੋ ਸਿੰਘਾਂ ਨੂੰ ਜਾ ਸੁਣਾਂਵਦਾ ਏ।
ਬਰਛਾ ਲੈ ਆਪ ਤੋਂ ਗਜ ਉਚਾ, ਸਿੰਘ ਉਸਦੇ ਨਾਲ ਫਿਰ ਆਂਵਦਾ ਏ।
ਸਿੰਘ ਕਰੇ ਫੈਸਲਾ ਤੁਰੰਤ ਉਥੇ, ਮੁਨਸਫ ਬਣ ਕੇ ਅੱਖਾਂ ਵਿਖਾਂਵਦਾ ਏ।
ਹਰਚੰਦ ਸਿੰਘਾ ਚੌਧਰੀ ਉਠ ਉਸਨੂੰ, ਹੱਥ ਬੰਨ੍ਹ ਕੇ ਫ਼ਤਹਿ ਬੁਲਾਂਵਦਾ ਏ॥

1411 ਅਸਲਮ ਖਾਂ ਜੋ ਸੂਬਾ ਲਾਹੌਰ ਦਾ ਏ, ਜੋਸ਼ ਖਾ ਕੇ ਸਿੰਘਾਂ ਤੇ ਚੜ੍ਹਿਆ ਏ।
ਮਜ਼ਹਬੀ ਜੋਸ਼ ਚੜ੍ਹਾਉਣ ਲਈ ਗਾਜੀਆਂ ਨੂੰ, ਝੰਡਾ ਹੈਦਰੀ ਉਸਨੇ ਫੜਿਆ ਏ।
ਆਏ ਗਾਜੀ ਗੁੱਟਾਂ ਤੇ ਬੰਨ੍ਹ ਗਾਨੇ, ਚਾਉ ਲੜਨ-ਮਰਨ ਦਾ ਚੜ੍ਹਿਆ ਏ।
ਕੋਟਲਾ ਬੇਗਮ ਸਿੰਘਾਂ ਤੋਂ ਮਾਰ ਖਾ ਕੇ, ਹਰਚੰਦ ਸਿੰਘਾ ਲਾਹੌਰ ਆ ਵੜਿਆ ਏ॥

## ਸਿੱਖ ਰਾਜ ਦਾ ਪਹਿਲਾ ਹੁਕਮਨਾਮਾ

1412 ਬੰਦਾ ਸਿੰਘ ਨੇ ਭੇਜਿਆ ਹੁਕਮਨਾਮਾ, ਰਜਵਾੜੇ ਸ਼ਾਹੀ ਖਤਮ ਤਮਾਮ ਹੋਈ।
ਜ਼ਮੀਨ ਜਿੰਨੀ ਵੀ ਜੋ ਵੀ ਵਾਹੁੰਦਾ ਏ, ਉਹੋ ਅੱਜ ਤੋਂ ਉਸਦੇ ਨਾਮ ਹੋਈ।
ਕਰਜ ਜੋ ਵੀ ਕਿਸੇ ਨੇ ਦੇਵਣਾ ਏ, ਮਾਫ਼ੀ ਉਸਨੂੰ ਕਰਜ ਤੋਂ ਆਮ ਹੋਈ।
ਹਰਚੰਦ ਸਿੰਘਾ ਕਿਰਤੀਆਂ ਢੋਲ ਪਿੱਟੇ, ਸਾਹੂਕਾਰਾਂ ਦੀ ਚੱਕੀ ਜਾਮ ਹੋਈ।

1413 ਦਰਜਾ ਸਭ ਦਾ ਅੱਜ ਤੋਂ ਹੈ ਇੱਕੋ, ਹਿੰਦੂ ਸਿੱਖ ਹੈ ਜਾਂ ਮੁਸਲਮਾਨ ਬੇਲੀ।
ਧਰਮ-ਕਰਮ ਦੀ ਖੁੱਲ੍ਹ ਹੈ ਸਾਰਿਆਂ ਨੂੰ, ਉੱਚਾ-ਨੀਵਾਂ ਨਾ ਕੋਈ ਇਨਸਾਨ ਬੇਲੀ।
ਹਾਲਾ ਸਿੱਧਾ ਸਰਕਾਰ ਨੂੰ ਦੇਵਣਾ ਏ, ਹਾੜੀ-ਸੌਣੀ ਹੋਏ ਭੁਗਤਾਨ ਬੇਲੀ।
ਹਰਚੰਦ ਸਿੰਘਾ 'ਖਾਲਸਾ ਰਾਜ' ਸਾਂਝਾ, ਹਾਸਲ ਸਭ ਨੂੰ ਇੱਕੋ ਸਾ ਮਾਨ ਬੇਲੀ॥

## ਬੰਦਾ ਸਿੰਘ ਨੇ ਜਮਨਾ ਪਾਰ ਕਰਕੇ ਸਹਾਰਨਪੁਰ ਅਤੇ ਬੇਹੁਟ ਜਿੱਤਣੇ

1414 ਸਿੱਖ ਰਾਜ ਦੀ ਸੁਣਕੇ ਖਬਰ ਲੋਕੀ, ਧੜਾ ਧੜ ਸਿੰਘ ਸੀ ਸਜਣ ਲੱਗੇ।
ਧੱਕੇ ਨਾਲ ਜੋ ਮੁਸਲਮਾਨ ਕੀਤੇ, ਸਿੰਘ ਬਣ ਮੈਦਾਨੇ ਗੱਜਣ ਲੱਗੇ।
ਸਹਿਮ ਮੁੱਕਾ ਦਿਲਾਂ 'ਚੋਂ ਦੋਖੀਆਂ ਦਾ, ਥਾਂ ਥਾਂ ਨਗਾਰੇ ਵੱਜਣ ਲੱਗੇ।
ਜੋ ਚਿਰਾਂ ਦੇ ਲੁੱਟ ਦੀ ਮਾਰ ਹੇਠਾਂ, ਹਰਚੰਦ ਸਿੰਘਾ ਲੁੱਟ ਕੇ ਰੱਜਣ ਲੱਗੇ॥

## ਉਨਾਰਸਾ ਦੇ ਸਿੱਖ ਜਲਾਲਾਬਾਦ ਦੇ ਫ਼ੌਜਦਾਰ ਨੇ ਕੈਦ ਕਰ ਲਏ

1415 ਸਿੱਖ ਸਜਨ ਦੀ ਲੋਕਾਂ ਦੀ ਦੇਖ ਰੁਚੀ, ਜਲਾਲ ਖਾਂ ਨੇ ਗੁੱਸਾ ਖਾਇਆ ਏ।
ਹੁਕਮ ਦੇ ਕੇ ਆਪਣੇ ਥਾਣਿਆਂ ਨੂੰ, ਥਾਂ ਥਾਂ ਤੇ ਜ਼ੋਰ ਚੜ੍ਹਾਇਆ ਏ।
ਸਿੱਖ ਪਰਿਵਾਰਾਂ ਨੂੰ ਬੰਦੀ ਬਣਾ ਉਸਨੇ, ਕੈਦ ਖਾਨਿਆਂ ਅੰਦਰ ਪਾਇਆ ਏ।
ਹਰਚੰਦ ਸਿੰਘਾ ਬੰਦੇ ਨੂੰ ਖਬਰ ਹੋਈ, ਖ਼ੂਨ ਉਸਦੇ ਨੇਤਰੀਂ ਆਇਆ ਏ॥

## ਬੰਦਾ ਸਿੰਘ ਜੀ ਨੇ ਜਮਨਾ ਪਾਰ ਕਰਕੇ ਜਲਾਲਾਬਾਦ ਤੇ ਚੜ੍ਹਾਈ ਕਰਨੀ

1416 ਬੰਦਾ ਸਿੰਘ ਨੇ ਫੌਰੀ ਹੁਕਮ ਕੀਤਾ, ਛੇਤੀ ਚੱਲੋ ਜਮਨਾ ਪਾਰ ਸਿੰਘੋ।
ਸਿੱਖ ਗੁਰਾਂ ਦੇ ਬੰਦੀ ਬਣਾ ਲਏ, ਕਰੋ ਉਨ੍ਹਾਂ ਤੇ ਪਰ ਉਪਕਾਰ ਸਿੰਘੋ।
ਮਾੜੀ ਘੜੀ ਆਈ ਜਲਾਲ ਖਾਂ ਦੀ, ਬੇਗੁਨਾਹਾਂ ਤੇ ਕੀਤਾ ਵਾਰ ਸਿੰਘੋ।
ਹਰਚੰਦ ਸਿੰਘਾ ਫ਼ਰਜ ਪੁਕਾਰਦਾ ਏ, ਫੇਰੋ ਜ਼ੁਲਮ ਦੇ ਗਲ ਤਲਵਾਰ ਸਿੰਘੋ॥

## ਪੈਂਦੀ ਸੱਟੇ ਸਹਾਰਨਪੁਰ ਜਿੱਤਣਾ

1417 ਖ਼ਤਮ ਕਰਕੇ ਰਾਹਾਂ 'ਚੋਂ ਵੈਰੀਆਂ ਨੂੰ, ਸਹਾਰਨਪੁਰ ਤੇ ਧਾਵਾ ਬੋਲਿਆ ਏ।
ਸੱਯਦ ਅਲੀ ਮੁਹੰਮਦ ਖਾਂ ਸੁਣਕੇ, ਡਰ ਬੰਦੇ ਤੋਂ ਕਾਲਜਾ ਡੋਲਿਆ ਏ।
ਰਾਤੋ ਰਾਤ ਸਾਂਭ ਕੇ ਮਾਲ ਮੱਤਾ, ਵੱਲ ਦਿੱਲੀ ਦੇ ਡਰਦਾ ਹੋਲਿਆ ਏ।
ਹਰਚੰਦ ਸਿੰਘਾ ਮਹਿਲ ਤੇ ਸ਼ਹਿਰ ਸਾਰਾ, ਬੇ-ਖੌਫ ਸਿੰਘਾਂ ਨੇ ਫੋਲਿਆ ਏ॥

1418 ਬੇਹੁਟ, ਅੰਬੇਟਾ, ਨਨੌਤ ਤਾਈਂ, ਬੰਦਾ ਸਿੰਘ ਨੇ ਸੋਧਾ ਲਾਇਆ ਏ।
ਜਲਾਲ ਖਾਂ ਨੂੰ ਸਬਕ ਸਿਖਾਉਣ ਲਈ, ਜਲਾਲਾ ਬਾਦ ਨੂੰ ਘੇਰਾ ਪਾਇਆ ਏ।
ਕਰਿਸਨਾ ਨਦੀ ਨੇ ਘੇਰਿਆ ਸ਼ਹਿਰ ਤਾਈਂ, ਪਾਣੀ ਮੀਂਹ ਨੇ ਗਿਰਦ ਚਲਾਇਆ ਏ।
ਹਰਚੰਦ ਸਿੰਘਾ ਰੱਬ ਦੇ ਰੰਗ ਦੇਖੋ, ਜਲਾਲ ਖਾਂ ਨੂੰ ਆਣ ਬਚਾਇਆ ਏ॥

## ਸਿੰਘਾਂ ਨੇ ਕਰਨਾਲ ਅਤੇ ਪਾਣੀਪਤ ਜਿੱਤਣੇ

1419 ਜਮਨਾ ਟੱਪ ਕਰਨਾਲ ਨੂੰ ਹੋਏ ਸਿੱਧੇ, ਸਿੰਘ ਚੜ੍ਹੇ ਹਨੇਰੀ ਵਾਂਗ ਮੀਆਂ।
ਤੁਰਕ ਆਏ ਕਰਨਾਲ ਦੇ ਰੋਕਣੇ ਨੂੰ, ਦਿੱਤੇ ਰੁੱਖਾਂ ਵਾਂਗ ਨੇ ਛਾਂਗ ਮੀਆਂ।
ਕਰਨਾਲ ਜਿੱਤ ਕੇ ਪਾਣੀਪਤ ਉਤੇ, ਜਾ ਚੜ੍ਹੀ ਸਿੰਘਾਂ ਦੀ ਕਾਂਗ ਮੀਆਂ।
ਹਰਚੰਦ ਸਿੰਘਾ ਦਿੱਲੀ ਕੰਬ ਉਠੀ, ਫੇਰੀ ਬੰਦੇ ਨੇ ਐਸੀ ਡਾਂਗ ਮੀਆਂ॥

## ਮਾਝੇ ਦੇ ਸਿੰਘਾਂ ਨੇ ਮਾਝੇ ਦਾ ਇਲਾਕਾ ਜਿੱਤਣਾ

1420 ਸਿੱਖ ਰਾਜ ਦੀ ਹੋਈ ਖਬਰ ਸਾਰੇ, ਸਿੱਖਾਂ ਹਿੰਦੂਆਂ ਚੜ੍ਹੀਆਂ ਲਾਲੀਆਂ ਨੇ।
ਡਰ ਲਾਹ ਕੇ ਮੁਗਲ-ਮੁਲਾਣਿਆਂ ਦਾ, ਅੰਮ੍ਰਿਤ ਛਕ ਕੇ ਤੇਗਾਂ ਸੰਭਾਲੀਆਂ ਨੇ।
ਵੈਰ ਲੈਣੇ ਗਿਣਕੇ ਜ਼ਾਲਮਾਂ ਤੋਂ, ਛੋਟੇ ਵੱਡਿਆਂ ਕਸਮਾਂ ਖਾ ਲਈਆਂ ਨੇ।
ਹਰਚੰਦ ਸਿੰਘਾ ਅੰਮਿਤਸਰ ਜਾ ਕੇ, ਸਿੰਘ ਸੂਰਿਆਂ ਸੌਣੀਆਂ ਪਾ ਲਈਆਂ ਨੇ॥

1421 ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਤੋਂ, ਸਭ ਕਰਕੇ ਮਾਰੋ ਮਾਰ ਆਏ।
ਗੁਰੂ ਨਗਰੀ ਅੰਮ੍ਰਿਤਸਰ ਕਹਿੰਦੇ, ਚੱਲ ਸਿੰਘ ਸੀ ਅੱਠ ਹਜ਼ਾਰ ਆਏ।
ਡਰੇ ਮੂਲ ਨਾ ਥਾਣਿਆਂ, ਹਾਕਮਾਂ ਤੋਂ, ਲੜਨ-ਮਰਨ ਦਾ ਕਰ ਇਕਰਾਰ ਆਏ।
ਹਰਚੰਦ ਸਿੰਘਾ ਸ਼ਰੇਣੀਆਂ ਸਭ ਆਈਆਂ, ਹਿੰਦੂ ਸਿੱਖ ਤੇ ਸਿੰਘ ਸਰਦਾਰ ਆਏ॥

## ਸਿੰਘਾਂ ਦਾ ਦਲ ਰਿਆੜਕੀ ਵੱਲ ਨੂੰ ਚੜ੍ਹਿਆ

1422 ਹਰਿਮੰਦਰ ਸਾਹਿਬ ਅਰਦਾਸੇ ਸੋਧ ਸਿੰਘਾਂ, ਰਿਆੜਕੀ ਵੱਲ ਨੂੰ ਚਾਲੇ ਪਾ ਦਿੱਤੇ।
ਜੋ ਮਾੜੇ ਬੇਰਾਂ ਵਾਂਗ ਝੜੇ, ਜੋ ਨਿਵੇ ਸੋ ਬਖ਼ਸ਼ਾਅ ਦਿੱਤੇ।
ਜੋ ਭੱਜ ਗਏ ਉਹੋ ਬਚ ਗਏ, ਬਾਕੀ ਤੇਗ ਦੀ ਭੇਂਟ ਚੜ੍ਹਾ ਦਿੱਤੇ।
ਸਰਕਾਰੀ ਆਮਲ, ਕਨੂੰਗੋ ਖਤਮ ਕਰਕੇ, ਸਿੱਖ ਥਾਣੇ ਉਥੇ ਬਹਾ ਦਿੱਤੇ॥

## ਬਟਾਲਾ ਸ਼ਹਿਰ ਕਬਜ਼ੇ ਵਿਚ ਕਰਨਾ

1423 ਦਿਨਾਂ ਵਿਚ ਇਲਾਕਾ ਸਾਫ਼ ਕਰਕੇ, ਬਟਾਲੇ ਸ਼ਹਿਰ ਤੇ ਧਾਵਾ ਬੋਲਿਆ ਏ।
ਜੋ ਹਾਕਮਾਂ ਆਣਕੇ ਰੋਕ ਪਾਈ, ਸਿੰਘਾਂ ਮਾਰ ਕੇ ਮਿੱਟੀ ਰੋਲਿਆ ਏ।
ਅਮੀਰ ਸ਼ਹਿਰ ਤਜਾਰਤੀ ਉਸ ਵੇਲੇ, ਸਿੰਘਾਂ, ਰੱਜ ਕੇ ਲੁੱਟਿਆ ਫੋਲਿਆ ਏ।
ਪਈਆਂ ਭਾਜੜਾਂ ਉਥੇ ਹਰਚੰਦ ਸਿੰਘਾ, ਕਿਸੇ ਮਾਂ ਨੇ ਪੁੱਤ ਨਾ ਟੋਲਿਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਹ ਆਤਮ ਚਿੰਤਨ ਦਾ ਵੇਲਾ ਹੈ

ਡਾ: ਪਰਮਜੀਤ ਕੌਰ



ਮੈਂ ਇਹ ਨਿੱਜੀ ਤਜਰਬੇ ਤੋਂ ਆਖ ਸਕਦਾ ਹਾਂ ਕਿ ਚਿੰਤਨ ਅਤੇ ਚਿੰਤਾ ਇਕੱਠੇ ਨਹੀਂ ਰਹਿ ਸਕਦੇ। ਪਰ ਜਦੋਂ ਅਸੀਂ ਆਤਮ ਚਿੰਤਨ ਕਰਦੇ ਹਾਂ ਤਾਂ ਇਸ ਦਾ ਇੱਕ ਵੱਖਰਾ ਅਨੰਦ ਹੈ। ਇਕ ਵੱਖਰੀ ਸੋਭਾ ਅਤੇ ਆਭਾ ਹੈ। ਜਦੋਂ ਅਸੀਂ ਆਪਣੇ ਆਪ ਦੇ ਸਨਮੁੱਖ ਹੁੰਦੇ ਹਾਂ। ਆਪਣੇ ਆਪ ਨੂੰ ਦੇਖਦੇ, ਸੁਣਦੇ ਤੇ ਪਰਖਦੇ ਹਾਂ। ਆਪਣੀਆਂ ਸੋਚਾਂ ਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਦੇਖਣ ਅਤੇ ਪਰਖਣ ਦੇ ਸਮਰੱਥ ਹੁੰਦੇ ਹਾਂ ਤਾਂ ਮਨ ਵਿੱਚ ਇੱਕ ਵੱਖਰਾ ਜਿਹਾ ਖੇੜਾ, ਆਨੰਦ ਅਤੇ ਤਸੱਲੀ ਪ੍ਰਤੀਤ ਹੁੰਦੀ ਹੈ। ਜਦ ਅਸੀਂ ਪੂਰੀ ਇਕਾਗਰਤਾ ਨਾਲ ਆਪਣੇ ਤਨ ਅਤੇ ਮਨ ਦੇ ਸਨਮੁੱਖ ਹੁੰਦੇ ਹਾਂ ਤਾਂ ਤੰਦਰੁਸਤੀ, ਖੁਸ਼ੀ ਤੇ ਖੁਸ਼ਹਾਲੀ ਦੇ ਨਵੇਂ ਦਰਵਾਜ਼ੇ ਖੁੱਲ੍ਹਦੇ ਹਨ। ਪ੍ਰੰਤੂ ਬਹੁਤਾ ਕਰਕੇ ਇਹ ਮਨੁੱਖੀ ਮਨ ਬਾਹਰ ਮੁਖੀ ਹੀ ਰਹਿੰਦਾ ਹੈ। ਬਹੁਤਾ ਕਰਕੇ ਸਾਡਾ ਧਿਆਨ ਅਤੇ ਗਿਆਨ ਬਾਹਰੀ ਵਿਅਕਤੀਆਂ ਤੇ ਬਾਹਰੀ ਪਦਾਰਥ ਉੱਤੇ ਫੋਕਸ ਹੁੰਦਾ ਹੈ। ਕਈ ਵਿਅਕਤੀ ਤਾਂ ਦੂਜਿਆਂ ਦੇ ਵਿਚਾਰਾਂ,ਵਿਹਾਰ ਤੇ ਕਿਰਦਾਰ ਤੇ ਇਨ੍ਹਾਂ ਫੋਕਸ ਕਰਦੇ ਹਨ ਕਿ ਉਹ ਦਾਅਵਾ ਕਰਦੇ ਹਨ ਕਿ ਉਹ ਦੂਜਿਆਂ ਦੇ ਅੰਦਰੂਨੀ ਭਾਵਾਂ ਤੇ ਵਿਚਾਰਾਂ ਨੂੰ ਪੜ੍ਹਨ ਦੇ ਸਮਰਥ ਹਨ। ਤੇ ਫੇਰ ਉਹ ਬਹੁਤੀ ਵਾਰ ਆਪਣੀ ਸੋਚ ਅਤੇ ਆਪਣੀਆਂ ਮਾਨਤਾਵਾਂ ਨੂੰ ਹੀ ਸਰਬ ਪ੍ਰਵਾਨਿਤ ਤੇ ਸੱਚ ਨਾਲ ਸੰਬੰਧਤ ਮਾਨਤਾ ਮੰਨ ਲੈਂਦੇ ਹਨ। ਅਜਿਹੇ ਵਿਅਕਤੀ ਫਿਰ ਇਸੇ ਅਨੁਸਾਰ ਹੀ ਦੂਜੇ ਵਿਅਕਤੀਆਂ, ਸੰਸਥਾਵਾਂ ਤੇ ਆਸਥਾਵਾਂ ਨੂੰ ਪਰਖਣ, ਮਿਣਨ ਅਤੇ ਮਾਪਣ ਲੱਗਦੇ ਹਨ। ਜੋ ਉਨ੍ਹਾਂ ਦੇ ਖਿਆਲਾਂ ਅਤੇ ਮਾਨਤਾਵਾਂ ਦੇ ਸੰਸਾਰ ਤੇ ਪੂਰੇ ਉੱਤਰਦੇ ਹਨ, ਉਨ੍ਹਾਂ ਨੂੰ ਉਹ ਸੱਚ ਨਾਲ ਜੁੜੇ ਹੋਏ ਲੋਕ ਆਖਦੇ ਹਨ। ਅਤੇ ਦੂਜਿਆਂ ਨੂੰ ਵੀ ਬੜੀ ਨਿਸ਼ਚਿੰਤਤਾ ਨਾਲ ਸਰਟੀਫਿਕੇਟ ਦੇ ਦਿੰਦੇ ਹਨ। ਜੋ ਵੀ ਲੋਕ ਉਨ੍ਹਾਂ ਦੇ ਵਿਚਾਰਾਂ ਤੇ ਖਿਆਲਾਂ ਨਾਲ ਸਹਿਮਤ ਨਹੀਂ ਹਨ, ਉਹ ਸੱਚ ਤੋਂ ਦੂਰ ਹਨ। ਉਹ ਨਿੱਜੀ, ਸੁਆਰਥੀ ਤੇ ਲਾਲਚੀ ਹਨ। ਸਿੱਟੇ ਵਜੋਂ ਉਨ੍ਹਾਂ ਦੇ ਹਮਦਰਦਾਂ ਅਤੇ ਮਿੱਤਰਾਂ ਦੀ ਸੂਚੀ ਨਿੱਕੀ ਹੁੰਦੀ ਜਾਂਦੀ ਹੈ। ਵਿਰੋਧੀਆਂ ਅਤੇ ਨਿੰਦਕਾਂ ਦੀ ਸੂਚੀ ਲੰਮੀ ਹੁੰਦੀ ਜਾਂਦੀ ਹੈ। ਫੇਰ ਉਨ੍ਹਾਂ ਨੂੰ ਅਕਸਰ ਇਹ ਵੀ ਕਹਿੰਦੇ ਸੁਣਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਵਿਰੋਧੀਆਂ ਤੇ ਨਿੰਦਕਾਂ ਦੀ ਪ੍ਰਵਾਹ ਨਹੀਂ ਹੈ। ਕਿਉਂਕਿ ਉਹ ਸੱਚ ਦੇ ਰਾਹ ਤੇ ਤੁਰ ਰਹੇ ਹਨ। ਉਨ੍ਹਾਂ ਦੇ ਵਿਰੋਧੀ ਝੂਠੇ ਤੇ ਲਾਲਚੀ ਲੋਕ ਹਨ ਜੋ ਉਨ੍ਹਾਂ ਦਾ ਆਤਮ ਬਲ ਤੋੜਨ ਦਾ ਯਤਨ ਕਰ ਰਹੇ ਹਨ। ਅਜਿਹੇ ਲੋਕ ਆਪਣੇ ਖ਼ਿਆਲਾਂ ਵਿੱਚ ਆਪਣੀ ਹੀ ਦੁਨੀਆਂ ਸਿਰਜ ਲੈਂਦੇ ਹਨ ਅਤੇ ਉਨ੍ਹਾਂ ਨੂੰ ਇਸ ਸੁਪਨ ਲੋਕ ਵਿੱਚੋਂ ਆਪਣੇ ਆਪ ਨੂੰ ਕੱਢਣਾ ਬਹੁਤ ਔਖਾ ਹੁੰਦਾ ਹੈ। ਆਤਮ ਚਿੰਤਨ ਦਾ ਵੱਡਾ ਫਾਇਦਾ ਤੇ ਵੱਡਾ ਲਾਭ ਇਹ ਵੀ ਹੈ ਕਿ ਜਦੋਂ ਅਸੀਂ ਸਵੈ ਦੀ ਪੜਚੋਲ ਕਰਦੇ ਹਾਂ ਤੇ ਅਸੀਂ ਆਪਣੇ ਆਪ ਨੂੰ ਦੇਖਣ ਅਤੇ ਪਰਖਣ ਲੱਗਦੇ ਹਾਂ ਤਾਂ ਸਾਡੇ ਆਪਣੇ ਭਲੇ ਤੇ ਸਰਬੱਤ ਦੇ ਭਲੇ ਲਈ ਇੱਕ ਨਵੀਂ ਆਸ ਦੀ ਕਿਰਨ ਪੈਦਾ ਹੁੰਦੀ ਹੈ। ਸਾਨੂੰ ਪਤਾ ਚੱਲਦਾ ਹੈ ਕਿ ਕਿਸ ਤਰ੍ਹਾਂ ਦੇ ਨੇ ਸਾਡੇ ਖਿਆਲ। ਕਿਸ ਤਰ੍ਹਾਂ ਸਾਨੂੰ ਗੁੱਸਾ ਕਿਨਾ ਆਉਂਦਾ ਹੈ। ਸਾਨੂੰ ਨੀਂਦ ਇਸ ਤਰ੍ਹਾਂ ਆਉਂਦੀ ਹੈ। ਸਾਡੇ ਆਪਣੇ ਦੋਸਤਾਂ ਨਾਲ ਸਬੰਧ ਕਿਸ ਤਰ੍ਹਾਂ ਦੇ ਹਨ। ਸਾਡੇ ਆਪਣੇ ਪਰਿਵਾਰ ਤੇ ਮਿੱਤਰਾਂ ਪਿਆਰਿਆਂ ਨਾਲ ਸਬੰਧ ਕਿਸ ਤਰ੍ਹਾਂ ਦੇ ਹਨ। ਕਿੰਨੇ ਦੋਸਤ ਸਾਡੇ ਜੀਵਨ ਵਿੱਚ ਆਏ ਹਨ। ਕਿੰਨੇ ਗਏ ਹਨ। ਕਿੰਨਿਆਂ ਤੋਂ ਸਾਨੂੰ ਕਿੱਸਾ ਗੁੱਸਾ ਗਿਲਾ ਹੈ। ਕਿੰਨੇ ਲੋਕਾਂ ਨਾਲ ਸਾਡੇ ਸਬੰਧ ਹੰਢਣਸਾਰ ਰਹੇ ਹਨ ਤੇ ਕਿੰਨੇ ਲੋਕਾਂ ਨਾਲ ਇਹ ਸਬੰਧ ਖੁਰਦਰੇ ਹੋ ਕੇ ਟੁੱਟ ਗਏ ਹਨ। ਔਖੇ ਅਤੇ ਚੁਣੌਤੀਪੂਰਨ ਮੌਕਿਆਂ ਤੇ ਸਾਡਾ ਵਿਹਾਰ ਕਿਸ ਤਰ੍ਹਾਂ ਦਾ ਹੁੰਦਾ ਹੈ। ਸਾਡਾ ਸਰੀਰ ਕਿਸ ਤਰ੍ਹਾਂ ਦਾ ਹੈ। ਸਾਡੀ ਖੁਰਾਕ ਕਿਸ ਤਰ੍ਹਾਂ ਦੀ ਹੈ। ਆਤਮ ਚਿੰਤਨ ਦਾ ਜਿੱਥੇ ਆਪਣੇ ਸਰੀਰ, ਆਪਣੇ ਮਨ ਤੇ, ਆਪਣੀ ਆਤਮਾ ਨੂੰ ਵੱਡਾ ਲਾਭ ਹੁੰਦਾ ਹੈ, ਉੱਥੇ ਦੂਜਿਆਂ ਦੇ, ਆਪਣੇ ਦੋਸਤਾਂ ਮਿੱਤਰਾਂ ਤੇ ਸਕੇ ਸਬੰਧੀਆਂ ਦੇ ਨੁਕਸ ਕੱਢਣ ਤੋਂ ਮਨ ਗਰੇਜ ਕਰਨ ਲੱਗਦਾ ਹੈ। ਸਾਨੂੰ ਇਹ ਵਿਸ਼ਵਾਸ ਹੋਣ ਲੱਗਦਾ ਹੈ ਕਿ ਸਮੁੱਚੀ ਮਨੁੱਖਤਾ ਤੇ ਹਰੇਕ ਮਨੁੱਖ ਨਿਆਰਾ ਤੇ ਪਿਆਰਾ ਹੈ। ਹਰ ਕਿਸੇ ਦੀ ਆਪੋ ਆਪਣੀ ਸੋਚ ਹੈ। ਆਪੋ ਆਪਣੇ ਵਿਚਾਰ ਹਨ ਤੇ ਆਪੋ ਆਪਣੀਆਂ ਮਾਨਤਾਵਾਂ ਹਨ। ਜੇ ਅਸੀਂ ਆਪਣੇ ਵਿਚਾਰਾਂ ਤੇ ਮਾਨਤਾਵਾਂ ਦਾ ਸਤਿਕਾਰ ਚਾਹੁੰਦੇ ਹਾਂ, ਤਾਂ ਸਾਨੂੰ ਦੂਜਿਆਂ ਦੇ ਵਿਚਾਰਾਂ ਤੇ ਮਾਨਤਾਵਾਂ ਦਾ ਸਤਿਕਾਰ ਕਰਨਾ ਪਵੇਗਾ। ਪੰਜਾਬੀ ਦੀ ਕਹਾਵਤ ਹੈ ਕਿ, "ਕਿਸੇ ਨੂੰ ਮਾਂਹ ਬਾਦੀ ਤੇ ਕਿਸੇ ਨੂੰ ਸੁਆਦੀ"। ਕਿਸੇ ਨੂੰ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। ਕਿਸੇ ਨੂੰ ਚੁੱਪ ਰਹਿਣਾ ਚੰਗਾ ਲੱਗਦਾ ਹੈ। ਕਈ ਇਨਸਾਨ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਬਹੁਤ ਵੱਡਾ ਬਣਾ ਲੈਂਦੇ ਹਨ ਤੇ ਕਈ ਇਨਸਾਨ ਵੱਡੀਆਂ ਵੱਡੀਆਂ ਤੇ ਚੁੱਭਣ ਵਾਲੀਆਂ ਗੱਲਾਂ ਨੂੰ ਵੀ ਛੋਟਾ ਬਣਾ ਲੈਂਦੇ ਹਨ। ਕਈ ਵਿਅਕਤੀ ਕਠਿਨ ਪ੍ਰਸਥਿਤੀਆਂ ਵਿੱਚ ਵੀ ਸਹਿਜ, ਸ਼ਾਲੀਨਤਾ ਅਤੇ ਨਿਮਰਤਾ ਦਾ ਪੱਲਾ ਨਹੀਂ ਛੱਡਦੇ। ਅਤੇ ਕਈ ਵਿਅਕਤੀ ਛੋਟੇ ਮੋਟੇ ਮਸਲੇ ਜਾਂ ਨਿੱਕੀ ਗੱਲ ਤੋਂ ਹੀ ਭੜਕ ਜਾਂਦੇ ਹਨ ਤੇ ਕੱਪੜਿਆਂ ਤੋਂ ਬਾਹਰ ਹੋ ਜਾਂਦੇ ਹਨ। ਮੁੱਕਦੀ ਗੱਲ ਆਤਮ ਚਿੰਤਨ ਕਰਨ ਵਾਲਾ ਵਿਅਕਤੀ ਆਪਣੇ ਪਰਿਵਾਰ,ਆਪਣੇ ਸਮਾਜ ਅਤੇ ਆਪਣੇ ਸਮਕਾਲੀਆਂ ਦੀ ਨਿੰਦਾ ਤਾਂ ਦੂਰ ਦੀ ਗੱਲ ਉਨ੍ਹਾਂ ਨੂੰ ਛੋਟੀਆਂ ਮੋਟੀਆਂ ਚੋਭਾਂ ਲਾਉਣ ਤੋਂ ਵੀ ਗਰੇਜ ਕਰਦਾ ਹੈ। ਆਤਮ ਚਿੰਤਨ ਕਰਨ ਵਾਲਾ ਵਿਅਕਤੀ ਹਮੇਸ਼ਾ ਸਰਬੱਤ ਦੇ ਭਲੇ ਦੀ ਕਾਮਨਾ ਅਤੇ ਅਰਦਾਸ ਕਰਦਾ ਹੈ, ਜਿਸ ਵਿੱਚ ਉਹ ਵਿਅਕਤੀ, ਲੋਕ ਤੇ ਉਹ ਸੰਸਥਾਵਾਂ ਵੀ ਸ਼ਾਮਿਲ ਹੁੰਦੀਆਂ ਹਨ ਜੋ ਉਸ ਦੇ ਵਿਚਾਰਾਂ ਦੇ ਕੱਟੜ ਵਿਰੋਧੀ ਹੁੰਦੇ ਹਨ ਅਤੇ ਨਿੱਜੀ ਤੌਰ ਤੇ ਉਸ ਨੂੰ ਪਸੰਦ ਵੀ ਨਹੀਂ ਕਰਦੇ। ਆਤਮ ਚਿੰਤਨ ਕਰਨ ਵਾਲਾ ਵਿਅਕਤੀ ਇਹ ਵੀ ਜਾਣ ਲੈਂਦਾ ਹੈ ਕਿ ਵਿਰੋਧ ਕਰਨ ਵਾਲੇ ਵਿਅਕਤੀ ਪ੍ਰਸੰਸਕਾਂ ਤੋਂ ਵੀ ਜ਼ਿਆਦਾ ਜ਼ਰੂਰੀ ਹੁੰਦੇ ਹਨ, ਕਿਉਂਕਿ ਉਹ ਤੁਹਾਡੇ ਮੂੰਹ ਤੇ ਤੁਹਾਡੀਆਂ ਖਾਮੀਆਂ ਤੇ ਕਮੀਆਂ ਨੂੰ ਦੱਸਣ ਦੇ ਸਮਰੱਥ ਹੁੰਦੇ ਹਨ। ਆਤਮ ਚਿੰਤਨ ਕਰਨ ਵਾਲੇ ਵਿਅਕਤੀ ਨੂੰ ਇਹ ਸਮਝ ਆ ਜਾਂਦੀ ਹੈ ਕਿ ਦਿਨ ਦੇ ਨਾਲ ਰਾਤ ਵੀ ਹੋਵੇਗੀ। ਚਾਨਣ ਦੇ ਨਾਲ ਹਨੇਰਾ ਵੀ ਹੋਵੇਗਾ। ਆਤਮ ਚਿੰਤਨ ਕਰਨ ਵਾਲਾ ਵਿਅਕਤੀ ਇਹ ਵੀ ਜਾਣ ਲੈਂਦਾ ਹੈ ਕਿ ਇਸ ਸੰਸਾਰ ਵਿੱਚ ਕੋਈ ਵੀ ਵਿਅਕਤੀ, ਕੋਈ ਵੀ ਸੋਚ, ਕੋਈ ਵੀ ਵਿਚਾਰ ਤੇ ਕੋਈ ਵੀ ਖਿਆਲ ਮਾੜਾ ਨਹੀਂ ਹੈ। ਹਰੇਕ ਵਿਅਕਤੀ ਕੋਲ ਆਪਣੇ ਵਿਹਾਰ ਅਤੇ ਮਾਨਤਾਵਾਂ ਲਈ ਉਚਿੱਤ ਦਲੀਲਾਂ ਅਤੇ ਤਰਕ ਹੁੰਦੇ ਹਨ। ਜਦੋਂ ਸਾਨੂੰ ਕੁਝ ਚੀਜ਼ਾਂ, ਦੂਜਿਆਂ ਦੇ ਕਿਰਦਾਰ, ਵਿਹਾਰ ਤੇ ਵਿਅਕਤੀ ਮਾੜੇ ਲੱਗਦੇ ਹਨ, ਉਦੋਂ ਆਪਣੀ ਹੀ ਸੋਚ ਕਿਰਦਾਰ ਤੇ ਵਿਹਾਰ ਮਾੜਾ ਹੁੰਦਾ ਹੈ। ਆਤਮ ਚਿੰਤਨ ਮੁੜ ਸੁਚੇਤ ਹੋਣ ਦਾ ਮੌਕਾ ਪ੍ਰਦਾਨ ਕਰਦਾ ਹੈ। ਫਿਰ ਇਨਸਾਨ ਸੁਚੇਤ ਹੋ ਕੇ ਆਪਣੀਆਂ ਖਾਮੀਆਂ ਤੇ ਨਾਦਾਨੀਆਂ ਵਿੱਚੋਂ ਨਿਕਲਣ ਦਾ ਯਤਨ ਕਰਦਾ ਹੈ, ਅਤੇ ਸਰਬੱਤ ਦਾ ਭਲਾ ਮੰਗਦਾ ਹੈ। ਇਸ ਸਰਬੱਤ ਵਿੱਚ ਸਮੁੱਚੀ ਮਨੁਖਤਾ ਸ਼ਾਮਿਲ ਹੈ। ਇਸ ਸਰਬੱਤ ਵਿੱਚ ਸਮੁੱਚੇ ਪਸ਼ੂ,ਪੰਛੀ, ਪਰਿੰਦੇ, ਜਾਨਵਰ ਤੇ ਕੀੜੇ ਮਕੌੜੇ ਸ਼ਾਮਿਲ ਹਨ। ਇਸ ਸਰਬੱਤ ਵਿੱਚ ਸਭ ਦਰੱਖਤ, ਜੰਗਲ, ਪਹਾੜ ਤੇ ਸਮੁੰਦਰ ਸ਼ਾਮਿਲ ਹਨ। ਇਸ ਸਰਬੱਤ ਵਿੱਚ ਚੰਦ, ਸੂਰਜ, ਤਾਰੇ ਤੇ ਸਮੁੱਚਾ ਬ੍ਰਹਿਮੰਡ ਸ਼ਾਮਿਲ ਹੈ। ਸਰਬੱਤ ਦਾ ਭਲਾ ਮੰਗਦਾ ਮਨੁੱਖ ਬਾਬੇ ਨਾਨਕ ਨੂੰ ਯਾਦ ਕਰਦਾ ਹੈ ਤੇ ਉਸ ਦੀ ਸੋਚ ਤੋਂ ਵਾਰੇ ਨਿਆਰੇ ਜਾਂਦਾ ਕਹਿ ਉੱਠਦਾ ਹੈ, "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"।

**ਅੱਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।**
**ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।**






# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ–
604–842–4990, +91–98550–00731 (ਸਿਰਫ ਵਟਸਐਪ)

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।Contact: 604-897-1298,
Whatsapp Number:
99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ– ਵਟਸਐਪ ਅਤੇ ਕਾਲ :
778–801–9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਂਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604–808–2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000

# ਨਹੀਂ ਮੁੱਕਦੀ ਬਿਹਤਰ ਜ਼ਿੰਦਗੀ ਦੀ ਤਾਂਘ

ਪੰਜਾਬ ਵਿੱਚ ਵਿਕਾਸ ਵੱਲ ਝਾਤ ਮਾਰੀਏ ਤਾਂ ਪੰਜਾਬੀਆਂ ਦੇ ਰਹਿਣ ਸਹਿਣ ਦੀ ਨੁਹਾਰ ਬਦਲ ਚੁੱਕੀ ਹੈ। ਕੱਚੇ ਕੋਠਿਆਂ ਦੀ ਜਗ੍ਹਾ ਵੱਡੀਆਂ ਵੱਡੀਆਂ ਕੋਠੀਆਂ ਨੇ ਲੈ ਲਈ ਹੈ।ਪਰ



ਜਿਆਦਾਤਰ ਇਹਨਾਂ ਬਣੀਆਂ ਆਲੀਸ਼ਾਨ ਕੋਠੀਆਂ ਦੇ ਦਰਵਾਜ਼ਿਆਂ ਨੂੰ ਜਿੰਦੇ ਲੱਗੇ ਹੁੰਦੇ ਹਨ। ਬੂਹੇ ਬਾਰੀਆਂ ਉੱਤੇ ਮਿੱਟੀ ਘੱਟੇ ਜੰਮਿਆ ਸਾਫ ਦਿਸਦਾ ਹੈ। ਘਰ ਬਾਰ ਬਹੁਤ ਸੋਹਣੇ ਬਣੇ ਹੁੰਦੇ ਹਨ ਪਰ ਉਹਨਾਂ ਵਿੱਚ ਹੱਸਦੇ ਵੱਸਦੇ ਘਰਾਂ ਵਾਲੀ ਚਹਿਕ ਮਹਿਕ, ਬੋਲ - ਬੁਲਾਰਾ ਤੇ ਹਾਸੇ ਨਹੀਂ ਸੁਣਦੇ। ਬੱਚਿਆਂ ਦੀਆਂ ਕਿਲਕਾਰੀਆਂ ਨਹੀਂ ਵੱਜਦੀਆਂ। ਕਿਸੇ ਕਿਸੇ ਘਰ ਦੀ ਚਾਰਦੀਵਾਰੀ ਵਿੱਚ ਕੋਈ ਬੁੱਢਾ ਮਾਈ ਬਾਪ ਜਾਂ ਕੋਈ ਪਰਵਾਸੀ ਮਜ਼ਦੂਰ ਉਨ੍ਹਾਂ ਕੋਠੀਆਂ ਜਾਂ ਹਵੇਲੀਆਂ ਦੀ ਰਾਖੀ ਬੈਠਾ ਹੁੰਦਾ ਹੈ, ਜਿਹੜੀਆਂ ਬਹੁਤ ਰੀਝਾਂ ਅਤੇ ਚਾਵਾਂ ਨਾਲ ਉਸਾਰੀਆਂ ਗਈਆਂ ਹੁੰਦੀਆਂ ਹਨ। ਮਨ ਸੋਚਦਾ ਹੁੰਦਾ ਕਿ ਇਹਨਾਂ ਘਰਾਂ ਦੇ ਮਾਲਕ ਕਦੇ ਘਰਾਂ ਨੂੰ ਪਰਤਣਗੇ ਤਾਂ ਬੂਹਿਆਂ ਵਿੱਚ ਤੇਲ ਚੋਇਆ ਜਾਵੇਗਾ। ਕਦੋ ਏ ਕੰਧਾਂ ਹੱਸਣਗੀਆਂ ਤੇ ਕਦੋ ਵਿਹੜੇ ਚਾਂਭੜਾ ਪਾਉਣਗੇ?

ਪੰਜਾਬ ਦੀਆਂ ਬਹੁਤ ਸਾਰੀਆਂ ਕੋਠੀਆਂ ਦੇ ਅਸਲੀ ਮਾਲਿਕ ਤਾਂ ਪ੍ਰਦੇਸੀ ਹੋ ਗਏ ਹਨ ਤੇ ਉੱਥੇ ਭੋਰਿਆਂ ਵਰਗੀਆਂ ਬੇਸਮੈਂਟਾਂ ਵਿੱਚ ਜਾਂ ਅਪਾਰਟਮੈਂਟਾਂ ਵਿੱਚ ਰੈਣ ਬਸੇਰੇ ਕਰ ਰਹੇ ਹਨ। ਉਨ੍ਹਾਂ ਘਰਾਂ ਵਿੱਚ ਉਹ ਰਹਿਣ ਨਹੀਂ ਬਲਕਿ ਸਿਰਫ ਸੋਣ ਹੀ ਆਉਦੇਂ ਹਨ।

19ਵੀ ਸਦੀ ਮੁੱਕਣ ਤੇ 20ਵੀ ਸਦੀ ਚੜ੍ਹਨ ਨਾਲ ਪੰਜਾਬੀਆਂ ਦਾ ਆਪਣੇ ਘਰਾਂ ਤੋਂ ਪਰਦੇਸਾਂ ਵੱਲ ਜਾਣ ਦਾ ਮੁਹਾਣ ਸ਼ੁਰੂ ਹੋਇਆ ਸੀ। ਪਹਿਲੇ ਸਮਿਆਂ ਵਿੱਚ ਪੰਜਾਬੀਆਂ ਨੂੰ ਹਮਲਾਵਰ ਘਰਾਂ ਨੂੰ ਉਜਾੜਦੇ ਸਨ ਫਿਰ ਹਾਲਾਤ ਐਸੇ ਬਣੇ ਕਿ ਉਹ ਆਪ ਹੀ ਘਰਾਂ ਤੋਂ ਉਜੜਨ ਲੱਗ ਗਏ। 21ਵੀ ਸਦੀ ਦੀ ਸ਼ੁਰੂਆਤ ਵਿੱਚ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਨੂੰ ਐਸਾ ਰੁਖ ਕੀਤਾ ਕਿ ਹਰ ਦੂਜੇ ਪੰਜਾਬੀ ਦਾ ਟੀਚਾ ਬਾਹਰਲੇ ਮੁਲਕ ਵਿੱਚ ਵੱਸਣ ਦਾ ਹੋ ਗਿਆ। ਇਸ ਵੱਧਦੇ ਰੁਝਾਨ ਪਿੱਛੇ ਕਾਰਣ ਕੀ ਹੈ? ਇਹ ਜਾਨਣਾ ਬਹੁਤ ਜਰੂਰੀ ਹੈ।


ਮਨੁੱਖ ਸਦਾ ਹੀ ਬਹਿਤਰ ਜੀਵਨ ਦੀ ਤਲਾਸ਼ ਵਿੱਚ ਰਿਹਾ ਹੈ ਤੇ ਰਹੇਗਾ। ਬਹਿਤਰ ਜੀਵਨ ਲਈ ਉਸ ਨੂੰ ਆਪਣਾ ਪਿਆਰਾ ਵਤਨ ਵੀ ਛੱਡਣਾ ਪਿਆ ਅਤੇ ਅੱਗੇ ਵੀ ਛੱਡਦਾ ਰਹੇਗਾ। ਪਰਵਾਸੀ ਮਜ਼ਦੂਰ ਪੰਜਾਬ ਦੀ ਸੈਰ ਕਰਨ ਦਾ ਸ਼ੋਕ ਪਾਲਣ ਨਹੀਂ ਆਉਦੇ। ਉਹ ਪੰਜਾਬ ਦੀ ਨਿਸ਼ਕਾਮ ਸੇਵਾ ਕਰਨ ਵਾਸਤੇ ਵੀ ਨਹੀਂ ਆਉਦੇ। ਪੰਜਾਬ ਉਨ੍ਹਾਂ ਨੂੰ ਯੂ ਪੀ, ਬਿਹਾਰ ਨਾਲੋਂ ਬਿਹਤਰ ਇਵਜ਼ਾਨਾ ਦਿੰਦਾ ਹੈ, ਇਸ ਲਈ ਪਰਵਾਸੀ ਮਜ਼ਦੂਰ ਇੱਕ ਬਹਿਤਰ ਜੀਵਨ ਜਿਉਣ ਲਈ ਪੰਜਾਬ ਵੱਲ ਨੂੰ ਕੂਚ ਕਰਦੇ ਹਨ ਤੇ ਸਾਡੇ ਪੰਜਾਬੀ ਕਨੈਡਾ ਵਰਗੇ ਦੇਸ਼ਾਂ ਦਾ, ਕਿਉਂਕਿ ਉੱਥੇ ਉਹਨਾਂ ਦੀ ਕਿਰਤ ਦੀ ਵੱਧ ਮੁੱਲ ਮਿਲਦਾ ਹੈ। ਇਨਸਾਨ ਹਮੇਸ਼ਾ ਬਿਹਤਰ ਜੀਵਨ ਦੀ ਤਾਂਘ ਵਿੱਚ ਦੋੜ ਰਹੇ ਹਨ। ਇਹ ਦੋੜ ਕਦੇ ਮੁੱਕਣ ਵਾਲੀ ਨਹੀਂ। ਪੰਜਾਬੀਆਂ ਵਿਚ ਪੰਜਾਬ ਤੋਂ ਬਾਹਰ ਨਿਕਲਣ ਦੀਆਂ ਧਾਈਆਂ ਕੀਤੀਆਂ ਹੋਈਆਂ ਹਨ। ਉਹ ਪੁੱਠੇ ਸਿੱਧੇ ਸਾਰੇ ਰਾਹ ਅਖਤਿਆਰ ਕਰੀ ਜਾ ਰਹੇ ਹਨ। ਪ੍ਰਦੇਸੀ ਪੰਜਾਬੀ ਆਪਣੀ ਮਾਤ ਭੂਮੀ ਪੰਜਾਬ ਵਿੱਚ ਆਪਣੀ ਹੋਂਦ ਜਤਲਾਉਣ ਲਈ ਹੀ ਪੱਕੇ ਮਕਾਨ ਪਾ ਰਹੇ ਹਨ, ਬਿਨਾਂ ਇਹ ਸੋਚੇ ਕਿ ਉਨ੍ਹਾਂ ਦੀ ਔਲਾਦ ਇਹਨਾਂ ਮਕਾਨਾਂ ਨੂੰ ਕਦੇ ਘਰ ਬਣਾਵੇਗੀ ਜਾਂ ਨਹੀ?

ਕੁਲਵੰਤ ਸਿੰਘ ਵਿਰਕ ਦੀ ਕਹਾਣੀ " ਤੂੜੀ ਦੀ ਪੰਡ " ਪੜੀਏ ਤਾਂ ਉਹ ਕਹਿੰਦੇ ਹਨ ਕਿ ਤੂੜੀ ਦੀ ਪੰਡ ਪਾਣੀ ਦੇ ਵਹਿਣ ਵਿੱਚ ਖੁੱਲ੍ਹ ਜਾਵੇ ਤਾਂ ਤੀਲਾ ਤੀਲਾ ਖਿੱਲਰ ਜਾਂਦਾ ਹੈ ਤੇ ਲਹਿਰਾਂ ਉਹਨਾਂ ਤੀਲਿਆਂ ਨੂੰ ਆਪਣੀ ਦਿਸ਼ਾ ਵਿੱਚ ਵਹਾ ਲੈ ਜਾਂਦੀਆਂ ਹਨ। ਫਿਰ ਉਹਨਾਂ ਨੂੰ ਇਕੱਠਿਆ ਕਰਨਾ ਸੰਭਵ ਨਹੀਂ ਹੁੰਦਾ। ਬੱਸ ਅਫਸੋਸ ਹੀ ਹੁੰਦਾ ਹੈ ਕਿ ਤੂੜੀ ਦੀ ਪੰਡ ਖੁੱਲੀ ਕਿਉਂ? ਪਰ ਇਸ ਸਭ ਪਿੱਛੇ ਕਾਰਣ ਸਿਰਫ ਇੱਕ ਹੀ ਹੈ ਉਹ ਹੈ ਇੱਕ ਬਹਿਤਰ ਜੀਵਨ ਦੀ ਤਲਾਸ਼। ਇਹਨਾਂ ਹਾਲਾਤਾਂ ਨੂੰ ਦੇਖ ਕਿ ਇਹ ਵੀ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਦੀ ਵਿਵਸਥਾ ਵਿੱਚ ਬਹੁਤ ਸਾਰੀਆਂ ਕਮੀਆਂ ਹਨ , ਜਿਸ ਕਰਕੇ ਲੋਕਾਂ ਨੂੰ ਆਪਣੀ ਥਾਲੀ ਛੱਡ ਬੈਗਾਨੀ ਥਾਲੀ ਵੱਲ ਝਾਤ ਮਾਰਣੀ ਪੈ ਰਹੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਪੰਜਾਬ ਦੀ ਰੋਣਕ ਪੰਜਾਬ ਵਿੱਚ ਹੀ ਰਹੇ ਤੇ ਲੋਕਾਂ ਦਾ ਇੱਕ ਵਧੀਆ ਜੀਵਨ ਜੀਣ ਦਾ ਸੁਪਨਾ ਆਪਣੇ ਦੇਸ਼ ਵਿੱਚ ਹੀ ਪੂਰਾ ਹੋ ਸਕੇ।

**—ਹਰਕੀਰਤ ਕੌਰ ਸਭਰਾ**

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਪੇਟ ਦੀਆਂ ਬਿਮਾਰੀਆਂ ਤੋਂ ਬਚਣ ਦੇ ਆਸਾਨ ਤਰੀਕੇ

**ਪਰਮਜੋਤ ਸਿੰਘ**

ਅੱਜ ਦੇ ਤੇਜ਼ ਤਰਾਰ ਯੁੱਗ ਵਿਚ ਤੇਜ਼ ਤਰਾਰ ਭੋਜਨ (ਫਾਸਟ ਫੂਡ) ਖਾਣਾ ਇਕ ਸ਼ੌਕ ਬਣ ਗਿਆ ਹੈ। ਕੋਈ ਵਿਆਹ ਹੋਵੇ, ਪਾਰਟੀ ਹੋਵੇ, ਇਥੋਂ ਤੱਕ ਕਿ ਮਰਗ ਦੇ ਭੋਗ 'ਤੇ ਵੀ ਤਲਿਆ ਹੋਇਆ, ਕਰਾਰੇ ਮਿਰਚ ਮਸਾਲੇ ਵਾਲਾ ਸੁਆਦਲਾ ਖਾਣਾ ਖਾਧੇ ਬਿਨਾਂ ਪ੍ਰੋਗਰਾਮ ਨੂੰ ਸਫ਼ਲ ਨਹੀਂ ਮੰਨਿਆ ਜਾਂਦਾ। ਬੱਸ ਫਿਰ ਕੀ, ਅਜਿਹਾ ਮਸਾਲੇਦਾਰ ਖਾਣਾ ਖਾ ਕੇ ਇਕ ਵਾਰ ਤਾਂ ਜੀਭ ਦਾ ਸੁਆਦ ਚੱਖ ਲਿਆ ਜਾਂਦਾ ਹੈ ਪਰ ਉਸ ਤੋਂ ਪਿੱਛੋਂ ਜਿਵੇਂ ਪੇਟ ਵਿਲਕਦਾ ਹੈ, ਉਹਦੀਆਂ ਉਹੀ ਜਾਣਦਾ। ਕੋਈ ਵੀ ਚੀਜ਼ ਖਾਣ ਤੋਂ ਬਾਅਦ ਇਕਦਮ ਮਿਹਦੇ ਵਿਚ ਜਾਂਦੀ ਹੈ। ਅਗਰ ਖਾਧੀ ਹੋਈ ਚੀਜ਼ ਹਲਕੀ ਹੋਵੇਗੀ ਤਾਂ ਮਿਹਦਾ ਛੇਤੀ ਹਜ਼ਮ ਕਰ ਲਵੇਗਾ, ਅਗਰ ਉਹੀਓ ਭੋਜਨ ਜ਼ਿਆਦਾ ਮਿਰਚ ਮਸਾਲੇ ਵਾਲਾ ਹੋਵੇਗਾ ਤਾਂ ਮਿਹਦੇ ਨੂੰ ਹਜ਼ਮ ਕਰਨ ਲਈ ਦੁੱਗਣਾ-ਚੌਗੁਣਾ ਜ਼ੋਰ ਲਾਉਣਾ ਪਵੇਗਾ। ਇਹੀਓ ਕਾਰਨ ਹੈ ਕਿ ਜ਼ਿਆਦਾ ਭੋਜਨ ਲੈਣ ਤੋਂ ਪਿੱਛੋਂ ਸਰੀਰ ਵਿਚ ਸੁਸਤੀ ਆਉਣ ਲੱਗ ਪੈਂਦੀ ਹੈ। ਖ਼ਾਸ ਕਰਕੇ ਗਰਮੀ ਦੇ ਦਿਨਾਂ ਵਿਚ ਤਾਂ ਥੋੜ੍ਹਾ ਜਿਹਾ ਲੋੜ ਤੋਂ ਵੱਧ ਖਾਣ ਨਾਲ ਸੁਸਤੀ ਪੈ ਜਾਂਦੀ ਹੈ।

ਮਿਹਦੇ ਦੀ ਜਲਣ (ਹਰਟਬਰਨ) ਤਾਂ ਅੱਜ ਦੇ ਸਮੇਂ ਦੀ ਮੁੱਖ ਸਮੱਸਿਆ ਹੈ। ਕਿੰਨੇ ਹੀ ਲੋਕ ਹਨ, ਜੋ ਸਵੇਰੇ ਐਸਿਡ ਦੇ ਕੈਪਸੂਲ ਲੈਣ ਪਿੱਛੋਂ ਹੀ ਕੁਝ ਖਾ-ਪੀ ਸਕਦੇ ਹਨ ਜਾਂ ਸਾਰਾ-ਸਾਰਾ ਦਿਨ ਈਨੋ ਘੋਲ ਕੇ ਪੀਣਾ ਵੀ ਲੋਕਾਂ ਦਾ ਸ਼ੌਕ ਬਣਦਾ ਜਾ ਰਿਹਾ ਹੈ। ਇਥੇ ਹੀ ਬੱਸ ਨਹੀਂ, ਕਈ ਲੋਕਾਂ ਨੂੰ ਤਾਂ ਥੋੜ੍ਹਾ ਜਿਹਾ ਕੁਝ ਖਾਣ ਪਿੱਛੋਂ ਹੀ ਅਜਿਹੀਆਂ ਦਵਾਈਆਂ ਦੀ ਵਰਤੋਂ ਕਰਨੀ ਪੈਂਦੀ ਹੈ, ਜੋ ਸਰੀਰ ਵਿਚੋਂ ਏਸਿਡ ਦੀ ਮਾਤਰਾ ਨੂੰ ਘਟਾਉਂਦੀਆਂ ਹਨ।

ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਏਸਿਡ ਜਾਂ ਜਿਸਨੂੰ ਅਸੀਂ ਆਮ 'ਤੇਜ਼ਾਬ' ਬਣਨਾ ਵੀ ਕਹਿ ਦਿੰਦੇ ਹਾਂ ਇਹ ਸਾਡੇ ਸਾਰਿਆਂ ਦੇ ਸਰੀਰ ਵਿਚ ਬਣਦਾ ਹੈ, ਜਿਸਨੂੰ ਹਾਈਡ੍ਰੋਕਲੋਰਿਕ ਏਸਿਡ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹੀ ਏਸਿਡ ਹੈ, ਜਿਹੜਾ ਸਾਡੇ ਖਾਧੇ ਹੋਏ ਭੋਜਨ ਨੂੰ ਗਾਲਦਾ ਹੈ ਅਤੇ ਉਸ ਵਿਚੋਂ ਜ਼ਰੂਰੀ ਤੱਤਾਂ ਦੀ ਭੰਨ-ਤੋੜ ਕਰਕੇ ਬਾਕੀ ਮਲ ਰਾਹੀਂ ਬਾਹਰ ਕੱਢ ਦਿੰਦਾ ਹੈ। ਖਾਲੀ ਪੇਟ ਖਾਧੇ ਹੋਏ ਐਸਿਡ ਦੇ ਕੈਪਸੂਲ ਜਾਂ ਜ਼ਿਆਦਾ



ਮਾਤਰਾ ਵਿਚ ਈਨੋ ਜਾਂ ਈਨੋ ਵਰਗੀਆਂ ਹੋਰ ਮਾਰਕੀਟ ਵਿਚ ਵਿਕਦੀਆਂ ਦਵਾਈਆਂ ਸਾਡੇ ਸਰੀਰ ਵਿਚ ਪੈਦਾ ਹੋਣ ਵਾਲੇ ਹੋਰ ਇਨਜ਼ਾਇਮ ਨੂੰ ਰੋਕ ਦਿੰਦੀਆਂ ਹਨ ਅਤੇ ਫਿਰ ਸਾਰੀ ਉਮਰ ਇਨ੍ਹਾਂ ਦਵਾਈਆਂ ਦੇ ਆਸਰੇ ਕੱਟਣੀ ਪੈਂਦੀ ਹੈ। ਥੋੜ੍ਹੀ ਜਿਹੀ ਪੇਟ ਦੀ ਜਲਣ ਹੋਣ 'ਤੇ ਜ਼ਿਆਦਾ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇਕਰ ਅਸੀਂ ਆਪਣੇ ਜੀਵਨ ਢੰਗ ਵਿਚ ਥੋੜ੍ਹਾ ਜਿਹਾ ਸੁਧਾਰ ਕਰ ਲਈਏ ਤਾਂ ਪੇਟ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਭ ਤੋਂ ਪਹਿਲਾਂ :-


1. ਖਾਣਾ ਉਸ ਵੇਲੇ ਖਾਓ, ਜਦੋਂ ਭੁੱਖ ਲੱਗੀ ਹੋਵੇ। ਲੋੜ ਤੋਂ ਪਹਿਲਾਂ ਜਾਂ ਸਮਾਂ ਲੰਘਣ ਉਪਰੰਤ ਖਾਧਾ ਹੋਇਆ ਖਾਣਾ ਜ਼ਰੂਰ ਖ਼ਰਾਬੀ ਕਰੇਗਾ।
2. ਇਕ ਵਾਰ ਵਿਚ ਥੋੜ੍ਹਾ ਖਾਣਾ ਖਾਓ ਅਤੇ ਦਿਨ ਵਿਚ ਘੱਟੋ-ਘੱਟ ਤਿੰਨ ਵਾਰ (ਸਵੇਰ, ਦੁਪਹਿਰ ਅਤੇ ਰਾਤ ਨੂੰ) ਸਮੇਂ ਸਿਰ ਖਾਣਾ ਖਾਓ। ਕਦੀ ਵਰਤ ਨਾ ਰੱਖੋ, ਸਗੋਂ ਹਲਕਾ-ਫੁਲਕਾ ਖਾਣਾ ਜਿਵੇਂ ਦਲੀਆ, ਖਿਚੜੀ, ਫਲਾਂ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ।
3. ਸਵੇਰ ਦੇ ਭੋਜਨ ਵਿਚ ਦੁੱਧ, ਦਹੀਂ, ਲੱਸੀ, ਅੰਡਾ-ਪਨੀਰ ਦੀ ਵਰਤੋਂ ਕਰੋ। ਕਦੇ ਰਾਤ ਨੂੰ ਦਹੀਂ, ਲੱਸੀ ਜਾਂ ਅੰਡਾ-ਪਨੀਰ ਵਗੈਰਾ ਭਾਰੀਆਂ ਚੀਜ਼ਾਂ ਨਾ ਖਾਓ।
4. ਫਲ ਹਮੇਸ਼ਾ ਸਵੇਰੇ ਖਾਣੇ ਚਾਹੀਦੇ ਹਨ। ਰਾਤ ਨੂੰ ਹਲਕਾ ਭੋਜਨ ਲੈਣਾ ਚਾਹੀਦਾ ਹੈ।
5. ਸਵੇਰੇ ਨਾਸ਼ਤੇ ਵਿਚ ਇਕ-ਦੋ ਫੁਲਕੇ ਜ਼ਰੂਰ ਲਵੋ, ਇਕੱਲੇ ਫਲਾਂ ਨਾਲ ਜਾਂ ਬਰੈੱਡ ਬਿਸਕੁਟਾਂ ਨਾਲ ਨਾਸ਼ਤਾ ਨਾ ਕਰੋ। ਬਰੈੱਡ, ਪੇਸਟਰੀਆਂ ਖਾਣੀਆਂ ਸਰੀਰ ਲਈ ਬਹੁਤ ਹਾਨੀਕਾਰਕ ਹਨ ਕਿਉਂਕਿ ਬਰੈੱਡ, ਬਿਸਕੁਟ ਜੋ ਸਾਨੂੰ ਮਾਰਕੀਟ ਵਿਚੋਂ ਮਿਲਦੇ ਹਨ, ਉਹ ਮੈਦੇ ਦੇ ਬਣੇ ਹੁੰਦੇ ਹਨ। ਮੈਦਾ ਬਹੁਤ ਭਾਰਾ ਹੁੰਦਾ ਹੈ, ਜਿਸਨੂੰ ਹਜ਼ਮ ਕਰਨ ਲਈ ਮਿਹਦੇ ਨੂੰ ਜ਼ਿਆਦਾ ਜ਼ੋਰ ਲਾਉਣਾ ਪੈਂਦਾ ਹੈ। ਇਕ ਧਾਰਨਾ ਇਹ ਵੀ ਬਣੀ ਹੋਈ ਹੈ ਕਿ ਬਿਮਾਰ ਆਦਮੀ ਨੂੰ ਬਰੈੱਡ ਖੁਆਇਆ ਜਾਂਦਾ ਹੈ ਪਰ ਜ਼ਰਾ ਸੋਚੋ, ਬਰੈੱਡ ਰੋਟੀ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ।
6. ਸਵੇਰ ਵੇਲੇ ਦਹੀਂ ਨਾਲ ਫੁਲਕਾ ਖਾ ਕੇ ਉੱਪਰ ਦੀ ਚਾਹ ਨਾ ਪੀਓ। ਇਸੇ ਤਰ੍ਹਾਂ ਰਾਤ ਨੂੰ ਰੋਟੀਆਂ ਨਾਲ ਪੇਟ ਭਰ ਕੇ ਉਪਰੰਤ ਦੁੱਧ ਪੀਣ ਨਾਲ ਵੀ ਗੈਸ ਜ਼ਿਆਦਾ ਬਣਦੀ ਹੈ। ਹੋ ਸਕੇ ਤਾਂ ਦੁੱਧ ਹਮੇਸ਼ਾ ਦਿਨ ਵੇਲੇ ਪੀਓ। ਰਾਤ ਨੂੰ ਸੌਣ ਲੱਗੇ ਜਾਂ ਕਈ ਲੋਕਾਂ ਦੀ ਆਦਤ ਹੁੰਦੀ ਹੈ ਕਿ ਅੱਧੀ ਰਾਤ ਉਠ ਕੇ ਠੰਡਾ ਦੁੱਧ ਪੀਂਦੇ ਹਨ, ਅਜਿਹਾ ਹਰਗਿਜ਼ ਨਹੀਂ ਕਰਨਾ ਚਾਹੀਦਾ।
7. ਜੇਕਰ ਹੋ ਸਕੇ ਤਾਂ ਖਾਣਾ ਹਮੇਸ਼ਾ ਭੁੰਜੇ ਬਹਿ ਕੇ, ਚੌਕੜੀ ਮਾਰ ਕੇ ਖਾਣਾ ਚਾਹੀਦਾ ਹੈ। ਮਾਡਰਨ ਯੁੱਗ ਵਿਚ ਡਾਇਨਿੰਗ ਟੇਬਲਾਂ 'ਤੇ ਖਾਣਾ ਖਾਣ ਦਾ ਰਿਵਾਜ ਬਣਦਾ ਜਾ ਰਿਹਾ ਹੈ ਪਰ ਇਹ ਬਿਲਕੁਲ ਗਲਤ ਹੈ। ਖਾਣਾ ਹਮੇਸ਼ਾ ਚੌਕੜੀ ਮਾਰ ਕੇ, ਜਿਵੇਂ ਲੰਗਰ ਵਿਚ ਬਹਿ ਕੇ ਛਕੀਦਾ, ਉਸੇ ਤਰ੍ਹਾਂ ਖਾਣ ਦੀ ਆਦਤ ਬਣਾਉਣੀ ਚਾਹੀਦੀ ਹੈ।
8. ਖਾਣਾ ਖਾਣ ਸਾਰ ਦਸ ਮਿੰਟ ਸਿੱਧੇ ਲੇਟ ਜਾਓ। ਖਾਣਾ ਸੌਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਖਾਣਾ ਚਾਹੀਦਾ ਹੈ ਅਤੇ ਖਾਣਾ ਖਾ ਕੇ ਕੁਰਸੀ 'ਤੇ ਬੈਠਣਾ ਜਾਂ ਭਾਰਾ ਕੰਮ ਨਹੀਂ ਕਰਨਾ ਚਾਹੀਦਾ।
9. ਖਾਣਾ ਖਾਣ ਸਮੇਂ ਪਾਣੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਾਣੀ ਹਮੇਸ਼ਾ ਖਾਣਾ ਖਾਣ ਤੋਂ ਅੱਧਾ ਘੰਟਾ ਬਾਅਦ ਪੀਣਾ ਚਾਹੀਦਾ ਹੈ।
10. ਖਾਣਾ ਖਾਣ ਸਮੇਂ ਕਦੇ ਵੀ ਟੈਲੀਵਿਜ਼ਨ ਦੇਖਣਾ ਜਾਂ ਅਖ਼ਬਾਰ ਨਹੀਂ ਪੜ੍ਹਨਾ ਚਾਹੀਦਾ। ਖਾਣਾ ਹਮੇਸ਼ਾ ਇਕਾਗਰ-ਚਿੱਤ ਹੋ ਕੇ ਬਿਨਾਂ ਕਿਸੇ ਕਾਹਲੀ ਦੇ, ਚਿੱਥ-ਚਿੱਥ ਕੇ ਖਾਣਾ ਚਾਹੀਦਾ ਹੈ। ਹਮੇਸ਼ਾ ਯਾਦ ਰੱਖੋ ਕਿ ਪਸ਼ੂ ਵੀ ਕਿੰਨਾ-ਕਿੰਨਾ ਚਿਰ ਉਗਾਲੀ ਕਰਦੇ ਰਹਿੰਦੇ ਹਨ। ਸਾਡੇ ਨਾਲੋਂ ਤਾਂ ਉਹੀਓ ਚੰਗੇ ਹਨ। ਖਾਣਾ ਖਾਣ ਲੱਗਿਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਜਿਸ ਨਾਲ ਹੱਥੂ ਆ ਸਕਦਾ ਹੈ ਅਤੇ ਮੌਤ ਵੀ ਹੋ ਸਕਦੀ ਹੈ।
11. ਇਕ ਖ਼ਾਸ ਗੱਲ, ਜੋ ਅੱਜ ਦੇ ਸਮੇਂ ਵਿਚ ਧਿਆਨ ਭਾਲਦੀ ਹੈ। ਉਹ ਇਹ ਕਿ ਖਾਣਾ ਖਾਣ ਤੋਂ ਪਹਿਲਾਂ ਸਾਰੇ ਮੋਬਾਈਲ ਫੋਨ, ਲੈਂਡਲਾਈਨ ਫੋਨ 'ਸਵਿੱਚ ਆਫ਼' ਕਰ ਦਿਉ। ਨਹੀਂ ਤਾਂ ਤੁਹਾਨੂੰ ਕਿਸੇ ਨੇ ਰੋਟੀ ਦੀ ਬੁਰਕੀ ਮੂੰਹ ਵਿਚ ਨਹੀਂ ਪਾਉਣ ਦੇਣੀ।
12. ਬਾਜ਼ਾਰ ਦੀਆਂ ਤਲੀਆਂ, ਸੁਆਦਲੀਆਂ ਚੀਜ਼ਾਂ ਨੂੰ ਦੇਖ ਕੇ ਮੂੰਹ ਵਿਚ ਪਾਣੀ ਨਾ ਆਉਣ ਦਿਓ ਕਿਉਂਕਿ ਕੁਝ ਕੁ ਪਲਾਂ ਦਾ ਸੁਆਦ ਤੁਹਾਡੀ ਜ਼ਿੰਦਗੀ ਨੂੰ ਬਰਬਾਦ ਕਰ ਸਕਦਾ ਹੈ ਕਿਉਂਕਿ ਰੇਹੜੀਆਂ 'ਤੇ ਬਣਿਆ ਭੋਜਨ ਜਾਂ ਇਥੋਂ ਤੱਕ ਕਿ ਰੈਸਟੋਰੈਂਟਾਂ ਵਿਚ ਪਕਵਾਨ ਬਣਾਉਣ ਲੱਗਿਆਂ ਤੁਹਾਡੀ ਸਿਹਤ ਦਾ ਨਹੀਂ, ਸਗੋਂ ਮੁਨਾਫੇ ਦਾ ਧਿਆਨ ਰੱਖਿਆ ਜਾਂਦਾ ਹੈ। 'ਖਾਈਏ ਮਨ ਭਾਉਂਦਾ' ਵਾਲਾ ਨਾਅਰਾ ਵੀ ਹੁਣ ਬਦਲ ਦੇਣਾ ਚਾਹੀਦਾ ਹੈ, ਸਗੋਂ ਕੋਈ ਵੀ ਚੀਜ਼ ਖਾਣ ਤੋਂ ਪਹਿਲਾਂ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਅਸੀਂ ਜੋ ਖਾ ਰਹੇ ਹਾਂ, ਕੀ ਇਹ ਸੱਚਮੁੱਚ ਸਾਡੇ ਸਰੀਰ ਲਈ ਬਣਿਆ ਹੈ ਜਾਂ ਨਹੀਂ। ਬਹੁਤੀ ਚਾਹ, ਕੌਫ਼ੀ, ਸ਼ਰਾਬ ਦੀ ਵਰਤੋਂ ਵੀ ਪੇਟ ਦੀਆਂ ਬਿਮਾਰੀਆਂ ਵਿਚ ਵਾਧਾ ਕਰਦੀ ਹੈ।
13. ਰੋਟੀ ਚੁੱਲ੍ਹੇ 'ਤੇ ਬਣੀ ਹੋਵੇ ਤਾਂ ਕਹਿਣਾ ਈ ਕੀ ਪਰ ਅੱਜ ਦੇ ਦੌਰ ਵਿਚ ਚੁੱਲ੍ਹੇ ਤਾਂ ਗਾਇਬ ਹੋ ਚੁੱਕੇ ਹਨ। ਗੈਸੀ ਚੁੱਲ੍ਹੇ ਮਾਡਰਨ ਰਸੋਈ ਦਾ ਸ਼ਿੰਗਾਰ ਬਣ ਚੁੱਕੇ ਹਨ। ਕੁਝ ਕੁ ਤਾਂ ਬਾਲਣ ਦੀ ਘਾਟ ਕਾਰਨ, ਕੁਝ ਕੁ ਜਨਾਨੀਆਂ ਚੁੱਲ੍ਹੇ ਮੂਹਰੇ ਸੇਕ 'ਚ ਨਹੀਂ ਬਹਿ ਸਕਦੀਆਂ ਪਰ ਧੰਨ ਨੇ ਸਾਡੀਆਂ ਦਾਦੀਆਂ-ਨਾਨੀਆਂ ਜਿਨ੍ਹਾਂ ਨੇ ਸਾਰੀ ਉਮਰ ਛਟੀਆਂ ਜਾਂ ਪਾਥੀਆਂ ਦੀ ਭੂਕਨੇ ਨਾਲ ਫੂਕਾਂ ਮਾਰ-ਮਾਰ ਕੇ ਅੱਗ ਬਾਲੀ ਅਤੇ ਸਾਰੇ ਟੱਬਰ ਦਾ ਪੇਟ ਭਰਿਆ। ਅੱਜਕੱਲ੍ਹ ਦੀਆਂ ਤਾਂ ਗੈਸ 'ਤੇ ਰੋਟੀ ਪਕਾਉਂਦੀਆਂ ਵੀ ਥੱਕ ਜਾਂਦੀਆਂ ਹਨ। ਯਾਦ ਰੱਖੋ, ਗੈਸ ਦੀ ਅੱਗ 'ਤੇ ਰੋਟੀ ਸੇਕਣੀ ਬਹੁਤ ਹੀ ਹਾਨੀਕਾਰਕ ਹੈ। ਗੈਸ 'ਤੇ ਤਵਾ ਰੱਖ ਕੇ ਹੀ ਰੋਟੀ ਸੇਕਣੀ ਚਾਹੀਦੀ ਹੈ। ਕਈ ਔਰਤਾਂ ਇਕ ਪਾਸੇ ਰੋਟੀ ਤਵੇ 'ਤੇ ਰਾੜ੍ਹ ਕੇ ਦੂਸਰੇ ਗੈਸ ਵਾਲੇ ਪਾਸੇ ਸੇਕਦੀਆਂ ਹਨ। ਇਹ ਸਰਾਸਰ ਗਲਤ ਹੈ। ਗੈਸ 'ਤੇ ਬਣੀ ਹੋਈ ਰੋਟੀ ਮਿਹਦੇ ਵਿਚ ਗੈਸ ਪੈਦਾ ਕਰੇਗੀ ਹੀ ਕਰੇਗੀ।
14. ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਹਾਨੂੰ ਰੋਟੀ ਖੁਆਉਣ ਵਾਲਾ ਜਾਂ ਖੁਆਉਣ ਵਾਲੀ (ਤੁਹਾਡੀ ਮਾਂ, ਭੈਣ, ਘਰਵਾਲੀ) ਕਿਸ ਮੂਡ ਵਿਚ ਹਨ। ਖ਼ੁਸ਼ ਮੂਡ ਵਿਚ ਪਕਾਈ ਰੋਟੀ ਤੁਹਾਡੇ ਪੇਟ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗੀ। ਅਗਰ ਖਾਣਾ ਤਿਆਰ ਕਰਨ ਵਾਲੇ ਦਾ ਮੂਡ ਠੀਕ ਨਹੀਂ ਤਾਂ ਉਹਦੇ ਹੱਥ ਦੀ ਰੋਟੀ ਕਦੇ ਨਹੀਂ ਖਾਣੀ ਚਾਹੀਦੀ ਕਿਉਂਕਿ ਉਸ ਰੋਟੀ ਵਿਚ ਪਿਆਰ ਨਹੀਂ, ਸਤਿਕਾਰ ਨਹੀਂ। ਤਾਹੀਓਂ ਤਾਂ ਲੰਗਰ ਦਾ ਪ੍ਰਸ਼ਾਦਾ ਐਨਾ ਸੁਆਦ ਹੁੰਦਾ ਹੈ ਕਿਉਂਕਿ ਲੰਗਰ ਵਿਚ ਹਰੇਕ ਚੀਜ਼ ਸ਼ਰਧਾ ਨਾਲ ਤਿਆਰ ਕੀਤੀ ਹੁੰਦੀ ਹੈ। ਜੇ ਤੁਹਾਨੂੰ ਰੋਟੀ ਖੁਆਉਣ ਵਾਲੇ ਦੀ ਤੁਹਾਡੇ ਵਿਚ ਸ਼ਰਧਾ ਨਹੀਂ ਤਾਂ ਉਹ ਭੋਜਨ ਤੁਹਾਨੂੰ ਖ਼ਰਾਬ ਕਰੇਗਾ।

ਅੰਤ ਵਿਚ ਖਾਣਾ ਖਾਣ ਲੱਗਿਆਂ ਇਕਾਂਤ ਵਿਚ ਬੈਠ ਕੇ ਖਾਓ। ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਪ੍ਰਮਾਤਮਾ ਦਾ ਸ਼ੁਕਰ ਕਰੋ, ਜਿਸਨੇ ਤੁਹਾਨੂੰ ਬਖ਼ਸ਼ਿਸ਼ ਕੀਤੀ ਹੈ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਜਦੋਂ ਦੋ ਮੰਜਿਆਂ ਨੂੰ ਜੋੜ ਸਪੀਕਰ ਲੱਗਦੇ ਸੀ

ਜਿੱਥੇ ਅੱਜ ਦੇ ਸਮੇਂ ਵਿੱਚ ਲੋਕ ਵਿਆਹਾਂ ਸ਼ਾਦੀਆਂ ਮੌਕੇ ਮੈਰਿਜ ਪੈਲੇਸਾਂ ਜਾਂ ਘਰਾਂ ਵਿੱਚ ਡੀ.ਜੇ. ਲਗਾ ਕੇ ਨੱਚ ਟੱਪ ਕੇ ਤੇ ਭੰਗੜੇ ਪਾ ਕੇ ਵਿਆਹ ਦੀਆਂ ਖੁਸ਼ੀਆਂ ਮਨਾਉਂਦੇ ਹਨ। ਉੱਥੇ ਲੰਘੇ ਵੇਲਿਆਂ ਵਿੱਚ ਵਿਆਹ ਵਾਲੇ ਘਰ ਵਿੱਚ ਕੋਠੇ 'ਤੇ ਦੋ ਮੰਜਿਆਂ ਨੂੰ ਪੁੱਠੇ ਲੋਟ ਖੜ੍ਹੇ ਕਰ ਕੇ ਪਾਵਿਆਂ ਨਾਲ ਬੰਨ੍ਹ ਕੇ ਸਪੀਕਰ ਲਾਇਆ ਜਾਂਦਾ ਸੀ। ਅੱਜ ਦੇ ਰੌਲੇ ਰੱਪੇ ਤੋਂ ਰਹਿਤ ਉਸ ਸਮੇਂ ਸਪੀਕਰ ਵਾਲਾ ਬੰਦਾ ਜਦੋਂ ਗ੍ਰਾਮੋਫੋਨ ਮਸ਼ੀਨ 'ਤੇ ਲਗਾਉਂਦਾ ਸੀ ਤਾਂ ਵਿਆਹ ਵਾਲੇ ਘਰ ਵਿੱਚ ਇੱਕ ਵੱਖਰਾ ਮਾਹੌਲ ਸਿਰਜ ਦਿੰਦਾ ਸੀ। ਉਨ੍ਹਾਂ ਸਮਿਆਂ ਵਿੱਚ ਆਸ ਪਾਸ ਦੇ ਇਲਾਕੇ ਵਿੱਚ ਟਾਂਵਾ ਟੱਲਾ ਹੀ ਸਪੀਕਰ ਵਾਲਾ ਹੁੰਦਾ ਸੀ। ਸਪੀਕਰ ਵਾਲਾ ਦੂਰ ਦਾ ਸਫਰ ਤੈਅ ਕਰਦਾ ਹੋਇਆ ਗੱਡੇ 'ਤੇ ਜਾਂ ਸਾਈਕਲ 'ਤੇ ਸੰਦੂਕ, ਮਸ਼ੀਨ, ਐਂਪਲੀਫਾਇਰ, ਰਿਕਾਰਡ, ਬੈਟਰੀਆਂ ਤੇ ਹੋਰ ਸਾਜੋ ਸਾਮਾਨ ਲੱਦ ਕੇ ਵਿਆਹ ਵਾਲੇ ਘਰ ਕਈ ਦਿਨ ਪਹਿਲਾਂ ਹੀ ਪਹੁੰਚ ਜਾਂਦਾ ਸੀ। ਪਿੰਡ ਵਾਲਿਆਂ ਨੂੰ ਸਪੀਕਰ ਸੁਣਨ ਦਾ ਚਾਅ ਇੰਨਾ ਜਿਆਦਾ ਹੁੰਦਾ ਸੀ ਕਿ ਵਿਆਹ ਤੋਂ ਕਈ ਦਿਨ ਪਹਿਲਾਂ ਹੀ ਉਹ ਆਪਣਾ ਸਾਰਾ ਕੰਮ ਕਾਰ ਮੁਕਾ ਲੈਂਦੇ ਸਨ। ਭੇਡਾਂ ਦੇ ਆਜੜੀ ਉਸ ਪਿੰਡ ਦੀ ਹੱਦ ਵਿੱਚ ਹੀ ਭੇਡਾਂ ਚਾਰਦੇ ਸਨ



ਜਿੱਥੇ ਸਪੀਕਰ ਲੱਗਣਾ ਹੁੰਦਾ ਸੀ। ਵਿਆਹ ਵਾਲੇ ਘਰ ਵਿੱਚ ਸਪੀਕਰ ਵਾਲੇ ਨੂੰ ਪੈਸੇ ਦੇ ਕੇ ਵਾਰੋ ਵਾਰੀ ਆਪਣਾ-ਆਪਣਾ ਪਸੰਦੀਦਾ ਗੀਤ ਲਗਵਾਇਆ ਜਾਂਦਾ ਸੀ ਤੇ ਬੜੇ ਪਿਆਰ ਸਤਿਕਾਰ ਨਾਲ ਸਾਰੇ ਰਲ ਕੇ ਸੁਣਦੇ ਸਨ। ਉਦੋਂ ਅੱਜ ਵਾਂਗ ਡੀ.ਜੇ. 'ਤੇ ਗੀਤ ਲਾਉਣ 'ਤੇ ਲੜਾਈ ਨਹੀਂ ਸੀ ਹੁੰਦੀ। ਜਿਸ ਸਪੀਕਰ ਵਾਲੇ ਨੂੰ ਵਿਆਹ ਦੀਆਂ ਰਸਮਾਂ ਮੁਤਾਬਿਕ ਗੀਤ ਲਗਾਉਣ ਦਾ ਗਿਆਨ ਸੀ, ਉਸ ਦਾ ਵਿਆਹ ਵਾਲੇ ਘਰ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਘਰ ਵਾਲੇ ਸਪੀਕਰ ਵਾਲੇ ਦੀ ਪੂਰੀ ਆਓ ਭਗਤ ਕਰਨ ਦੇ ਨਾਲ ਨਾਲ ਪ੍ਰੋਗਰਾਮ ਖਤਮ ਹੋਣ 'ਤੇ ਉਸ ਨੂੰ ਕੱਪੜੇ ਤੇ ਪੱਗ ਵੀ ਦੇ ਦਿੰਦੇ ਸਨ। ਹੁਣ ਪਹਿਲੇ ਸਮਿਆਂ ਵਾਂਗ ਵਿਆਹ ਦੇ ਮੌਕੇ ਸਪੀਕਰ ਨਹੀਂ ਵੱਜਦੇ। ਹੁਣ ਵਿਆਹ ਸ਼ਾਦੀਆਂ 'ਤੇ ਸਪੀਕਰ ਦੀ ਥਾਂ ਕੰਨ ਪਾੜਵੀਂ ਆਵਾਜ਼ ਵਾਲੇ ਡੀ.ਜੇ. ਸਿਸਟਮ ਨੇ ਲੈ ਲਈ ਹੈ। ਜਿੱਥੇ ਉੱਚੀ ਆਵਾਜ਼ ਵਿੱਚ ਭਾਵੇਂ ਕੋਈ ਵੀ ਗੀਤ ਲੱਗ ਜਾਵੇ ਹਰ ਕੋਈ ਨੱਚੇਗਾ ਜ਼ਰੂਰ। ਉਨ੍ਹਾਂ ਸਮਿਆਂ ਵਿੱਚ ਘਰ ਭਾਵੇਂ ਕੱਚੇ ਸਨ, ਪਰ ਲੋਕਾਂ ਵਿੱਚ ਆਪਸੀ ਪਿਆਰ ਬਹੁਤ ਜਿਆਦਾ ਸੀ। ਸਪੀਕਰ ਵਾਲਾ ਜਦੋਂ ਮਸ਼ੀਨ 'ਤੇ ਜਨਮ ਤੋਂ ਮਰਨ ਤਕ ਹਰ ਰਸਮ ਮੁਤਾਬਿਕ ਗੀਤ ਵਜਾਉਂਦਾ ਸੀ ਤਾਂ ਲੋਕਾਂ ਵਿਚਲੀ ਆਪਸੀ ਸਾਂਝ ਹੋਰ ਗੂੜ੍ਹੀ ਕਰਦਾ ਸੀ।



# ਕਿੰਨਾ ਜ਼ਰੂਰੀ ਹੈ ਔਰਤ ਲਈ ਗਿਆਨਵਾਨ ਹੋਣਾ



ਅਕਸਰ ਅਸੀਂ ਠੋਕਰ ਖਾਣ ਤੋਂ ਬਾਅਦ ਹੀ ਜਾਗਦੇ ਹਾਂ। ਤੁਹਾਡੀ ਜ਼ਿੰਦਗੀ ਦਾ ਅਸਲ ਮਨੋਰਥ ਤਾਂ ਤੁਹਾਡਾ ਗਿਆਨਵਾਨ ਹੋਣਾ ਹੀ ਹੈ, ਕਿਉਂਕਿ ਜ਼ਿੰਦਗੀ ਦੇ ਬਾਕੀ ਮਨੋਰਥ ਤਾਂ ਤੁਹਾਡੇ ਗਿਆਨਵਾਨ ਹੋਣ ਤੋਂ ਬਾਅਦ ਹੀ ਪੂਰੇ ਹੁੰਦੇ ਹਨ। ਅਸਲ ਵਿਚ ਸਾਡੀ ਜ਼ਿੰਦਗੀ ਦੀਆਂ ਜ਼ਿਆਦਾਤਰ ਸਮੱਸਿਆਵਾਂ ਸਾਡੀ ਸੋਚ ਅਤੇ ਦਿਮਾਗ ਦੇ ਅੰਦਰ ਹੀ ਹਨ ਅਤੇ ਇਨ੍ਹਾਂ ਦਾ ਹੱਲ ਵੀ ਸਾਡੀ ਸੋਚ ਅਤੇ ਦਿਮਾਗ ਦੇ ਅੰਦਰ ਹੀ ਹੈ। ਅਗਿਆਨਤਾ ਹਰ ਸਮੱਸਿਆ ਦੀ ਜੜ੍ਹ ਹੈ। ਕਿਸੇ ਵੀ ਔਰਤ ਦੀ ਜ਼ਿੰਦਗੀ ਦਾ ਕਮਜ਼ੋਰ ਪੱਖ ਉਸ ਦੀ ਅਗਿਆਨਤਾ ਹੈ। ਤੁਹਾਡਾ ਵਕਤ ਜਾਂ ਹਾਲਾਤ ਤੁਹਾਨੂੰ ਕਮਜ਼ੋਰ ਨਹੀਂ ਕਰਦੇ, ਬਲਕਿ ਤੁਹਾਡੇ ਵਹਿਮ-ਭਰਮ, ਭੁਲੇਖੇ ਅਤੇ ਅੰਧਵਿਸ਼ਵਾਸ ਹੀ ਤੁਹਾਡੀ ਸਮੱਸਿਆ ਅਤੇ ਕਮਜ਼ੋਰੀ ਦਾ ਕਾਰਨ ਬਣਦੇ ਹਨ। ਇਕ ਰੌਸ਼ਨ ਦਿਮਾਗ ਅਤੇ ਗਿਆਨਵਾਨ ਔਰਤ ਹੀ ਪਰਿਵਾਰ ਅਤੇ ਸਮਾਜ ਲਈ ਚਾਨਣ ਮੁਨਾਰਾ ਹੋ ਸਕਦੀ ਹੈ। ਕੋਈ ਵੀ ਵਿਅਕਤੀ ਇਕ ਸੀਮਾ ਤੱਕ ਹੀ ਤੁਹਾਡੀ ਮਦਦ ਕਰ ਸਕਦਾ ਹੈ, ਭਾਵੇਂ ਕਿ ਉਹ ਤੁਹਾਡੇ ਆਪਣੇ ਮਾਂ-ਬਾਪ ਹੀ ਕਿਉਂ ਨਾ ਹੋਣ। ਪਰ ਇਕ ਗਿਆਨ ਉਹ ਸਹਾਰਾ ਹੈ, ਜੋ ਸਾਰੀ ਉਮਰ ਤੁਹਾਡਾ ਸਾਥ ਦਿੰਦਾ ਹੈ। ਅਗਿਆਨਤਾ ਖੜੋਤ ਹੈ, ਜਦਕਿ ਗਿਆਨ ਰਵਾਨਗੀ ਹੈ। ਦੁਨੀਆ ਦੇ ਇਤਿਹਾਸ ਵਿਚ ਜਿਸ ਦੇਸ਼ ਦੀ ਔਰਤ ਪੜ੍ਹੀ-ਲਿਖੀ ਅਤੇ ਗਿਆਨਵਾਨ ਹੈ, ਉਹੀ ਦੇਸ਼ ਅਮੀਰ ਅਤੇ ਖ਼ੁਸ਼ਹਾਲ ਹਨ। ਗਿਆਨਵਾਨ ਹੋਣਾ ਜ਼ਿੰਦਗੀ ਦਾ ਉਹ ਪੱਖ ਹੈ, ਜਿਸ ਨਾਲ ਜ਼ਿੰਦਗੀ ਦੇ ਸਾਰੇ ਪੱਖ ਜੁੜੇ ਹੋਏ ਹਨ। ਤੁਹਾਡੀ ਸੋਚ ਤੁਹਾਡੀ ਜ਼ਿੰਦਗੀ ਦਾ ਸੂਰਜ ਹੈ। ਅਗਿਆਨਤਾ ਤੋਂ ਮੁਕਤ ਹੋਣਾ ਹੀ ਅਸਲ ਆਜ਼ਾਦੀ ਹੈ। ਤੁਸੀਂ ਆਪਣੀ ਜ਼ਿੰਦਗੀ ਆਪ ਜਿਊਣਾ ਸਿੱਖੋ। ਜੇਕਰ ਤੁਹਾਡੇ ਵਿਚਾਰਾਂ ਵਿਚ ਮੌਲਿਕਤਾ ਨਹੀਂ ਤਾਂ ਤੁਹਾਡੀ ਗੱਲਬਾਤ ਵੀ ਦਿਲਚਸਪ ਨਹੀਂ ਹੋ ਸਕਦੀ। ਜੇਕਰ ਤੁਹਾਡੀ ਸੋਚ ਉਸਾਰੂ ਨਹੀਂ ਤਾਂ ਤੁਸੀਂ ਨਿਰਾਸ਼ਾ ਤੋਂ ਮੁਕਤ ਨਹੀਂ ਹੋ ਸਕਦੇ। ਜੇ ਤੁਹਾਡੇ ਕੋਲ ਜ਼ਿੰਦਗੀ ਜਿਊਣ ਦਾ ਸਲੀਕਾ ਨਹੀਂ ਤਾਂ ਤੁਸੀਂ ਕਿਸੇ ਨਾਲ ਹੰਢਣਸਾਰ ਰਿਸ਼ਤਾ ਨਹੀਂ ਉਸਾਰ ਸਕਦੇ। ਜੇਕਰ ਤੁਹਾਡੇ ਕੋਲ ਜ਼ਿੰਦਗੀ ਦਾ ਕੋਈ ਟੀਚਾ ਜਾਂ ਮਨੋਰਥ ਨਹੀਂ ਹੈ ਤਾਂ ਤੁਸੀਂ ਭਟਕਣਾ ਤੋਂ ਬਚ ਨਹੀਂ ਸਕਦੇ। ਅਕਸਰ ਔਰਤਾਂ ਆਪਣੇ ਰੰਗ-ਰੂਪ ਬਾਰੇ, ਹੁਸਨ ਅਤੇ ਪਹਿਰਾਵੇ ਬਾਰੇ, ਚਮੜੀ ਅਤੇ ਦਮੜੀ ਬਾਰੇ ਜ਼ਿਆਦਾ ਚਿੰਤਤ ਹੁੰਦੀਆਂ ਹਨ ਪਰ ਉਹ ਆਪਣੇ-ਆਪ ਬਾਰੇ ਘੱਟ ਸੋਚਦੀਆਂ ਹਨ। ਆਤਮਨਿਰਭਰ ਬਣੋ, ਕਿਉਂਕਿ ਦੂਜਿਆਂ ਉੱਪਰ ਰੱਖੀਆਂ ਉਮੀਦਾਂ ਅਕਸਰ ਉਦਾਸ ਹੀ ਕਰਦੀਆਂ ਹਨ। ਗਿਆਨ ਦੇ ਲੜ ਲੱਗੋਗੇ ਤਾਂ ਲੋਕਾਂ ਦੇ ਪੈਰ ਫੜਨ ਦੀ ਲੋੜ ਨਹੀਂ ਪਵੇਗੀ। ਤੁਸੀਂ ਆਪਣੇ ਰਸਤੇ ਆਪ ਹੀ ਚੁਣੋ, ਕਿਉਂਕਿ ਤੁਹਾਡੇ ਤੋਂ ਜ਼ਿਆਦਾ ਤੁਹਾਨੂੰ ਕੋਈ ਵੀ ਨਹੀਂ ਜਾਣਦਾ। ਕਾਮਯਾਬੀ ਲਈ ਜਾਣ ਵਾਲੇ ਰਸਤੇ ਸਿੱਧੇ ਨਹੀਂ ਹੁੰਦੇ ਪਰ ਕਾਮਯਾਬੀ ਤੋਂ ਬਾਅਦ ਸਾਰੇ ਰਸਤੇ ਆਪਣੇ-ਆਪ ਸਿੱਧੇ ਹੋ ਜਾਂਦੇ ਹਨ। ਇਕ ਚੰਗੀ ਜ਼ਿੰਦਗੀ ਲਈ ਤੁਹਾਨੂੰ ਬੁਰੇ ਵਕਤ ਨਾਲ ਲੜਨਾ ਹੀ ਪਵੇਗਾ। ਉਨ੍ਹਾਂ ਲੋਕਾਂ ਤੋਂ ਬਚੋ, ਜੋ ਤੁਹਾਨੂੰ ਕੁਝ ਮਹੀਨਿਆਂ ਵਿਚ ਹੀ ਅਮੀਰ ਹੋਣ ਦਾ ਲਾਲਚ ਦਿੰਦੇ ਹਨ। ਤੁਹਾਨੂੰ ਆਪਣੇ ਟੀਚੇ ਦਾ ਗਿਆਨ ਹੋਣਾ ਜ਼ਰੂਰੀ ਹੈ। ਫਿਰ ਬਾਕੀ ਰਸਤੇ ਤਾਂ ਆਪਣੇ-ਆਪ ਹੀ ਲੱਭ ਜਾਂਦੇ ਹਨ। ਜਿਸ ਸਮਾਜ ਦੀ ਇਸਤਰੀ ਹੀ ਅਗਿਆਨਤਾ ਰੂਪੀ ਹਨੇਰੇ ਵਿਚ ਹੋਵੇ, ਉਹ ਸਮਾਜ ਤੰਦਰੁਸਤ ਨਹੀਂ ਹੋ ਸਕਦਾ।



MORTGAGE
Get Interest Rates as low as
4.18%*
5 YEARS VARIABLE CLOSED
*Conditions Apply. Rates subject to change without notice. Vald till 31 Aug., 22. It is for the Principal house.
GET CASH BACK UP TO $3000*
Superior Mortgage
Unit 244-8138-128 Street, Surrey
604 507 1000
Our Symbol of Care & Service


JOSAN REBAR & DAMPPROOFING LTD.
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
7 ਸਾਲ ਤੋਂ ਵੱਧ ਤਜ਼ਰਬਾ

- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

ਹਿੰਦੀ

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

**OPEN 7 DAYS**

ICBC autoplan www.goldkeyinsurance.ca


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Roma Tomatoes
ਰੋਮਾ ਟਮਾਟਰ
$1.29 lb
EXTRA SUPER SUPER SPECIAL
Yellow Onions 50 lbs
ਪੀਲੇ ਗੰਢੇ
YELLOW ONION
$19.99 bag
Peaches
ਆੜੂ
$1.99 lb
Cilantro
ਧਣੀਆ
2 for $1.50
Long Eggplants
ਲੰਬੇ ਬਤਾਊਂ
$1.49 lb
Green Beans
ਹਰੀਆਂ ਫਲੀਆਂ
$1.49 lb
Green Cabbage
ਹਰੀ ਬੰਦ ਗੋਭੀ
59¢ lb
EXTRA SUPER SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$4.99 bag
SUPER SPECIAL
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
59¢ lb
SUPER SPECIAL
Zucchini Squash
ਜ਼ੁਕੀਨੀ ਸਕੁਐਸ਼
88¢ lb
SUPER SPECIAL
Red Onion 25 lbs
ਲਾਲ ਗੰਢੇ
RED ONIONS
$17.99 bag
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag
SUPER SPECIAL
Red Delicious Apples
ਲਾਲ ਸਵਾਦ ਸੇਬ
98¢ lb
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ)
99¢ lb
Nectarines
ਨੈਕਟੇਰੀਨਸ
$1.99 lb
Hamdard Rooh Afza (Indian) 750 ml
ਰੂਹ ਅਫਜ਼ਾ
$3.88 bottle
Dabur Rose Syrup 710 ml
ਡਾਬਰ ਗੁਲਾਬ ਰਸ
$4.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Indican Almond Oil 1 L
ਇੰਡੀਕੈਂਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Fri Sep 09, 2022 - Wed Sep 14, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520